11-APRIL-PAGE-1.qxd 4/10/2025 9:31 PM Page 1

ਸ਼ੁੱਕਰਵਾਰ, 11 ਅਪ੍ਰੈਲ, 2025
29 ਚੇਤ { ਨਾਨਕਸ਼ਾਹੀ 557 / ਬਿਕਰਮੀ 2082
ਜਿਲਦ/VOL. : 73
ਅੰਕ/NO. : 310

ਰੋਜ਼ਾਨਾ
ਨਵਾਂ ਜ਼ਮਾਨਾ

DAILY NAWAN ZAMANA • FRIDAY, 11 APRIL, 2025
ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ
ਪੁੱਛ-ਗਿੱਛ (ਰਿਸੈਪਸ਼ਨ) 0181-5097300
ਇਸ਼ਤਿਹਾਰ ਵਿਭਾਗ 0181-5097302
ਸਾਹਿਤ ਸੰਪਾਦਕ (ਐਤਵਾਰਤਾ) 0181-5097305
ਕੰਪਿਊਟਰ ਰੂਮ 0181-5097310
ਵੈੱਬ ਟੀ ਵੀ 0181-5133160

You Tube nawan zamana TV

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 12

ਟਰੰਪ ਦਾ ਟੈਰਿਫਗੇਟ ਸਕੈਂਡਲ ਬੇਨਕਾਬ

ਸ਼ੇਅਰ ਬਾਜ਼ਾਰ ਦੇ ਖੁੱਲ੍ਹਦਿਆਂ ਹੀ ਗੋਤਾ ਖਾਣ ਤੋਂ ਬਾਅਦ ਟਵੀਟ ਕਰਕੇ ਸ਼ੇਅਰ ਚੜ੍ਹਵਾਏ

ਨਵੀਂ ਦਿੱਲੀ : ਅਨੇਕਾਂ ਦੇਸ਼ਾਂ ਖਿਲਾਫ ਜਵਾਬੀ ਟੈਰਿਫ ਲਾਉਣ ਤੇ ਫਿਰ ਚੀਨ ਨੂੰ ਛੱਡ ਕੇ ਬਾਕੀ ਸਾਰੇ ਦੇਸ਼ਾਂ ਖਿਲਾਫ ਇਸ 'ਤੇ ਅਮਲ ਡੇਢ ਮਹੀਨਾ ਰੋਕਣ ਤੋਂ ਬਾਅਦ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ 'ਤੇ ਇਹ ਦੋਸ਼ ਲੱਗਣ ਲੱਗ ਪਏ ਹਨ ਕਿ ਉਸ ਨੇ ਅਮਰੀਕੀ ਸਟਾਕ ਮਾਰਕਿਟ ਵਿੱਚ 'ਇਨਸਾਈਡਰ ਟਰੇਡਿੰਗ' ਕੀਤੀ ਹੈ।

(ਇਨਸਾਈਡਰ ਟਰੇਡਿੰਗ ਦਾ ਮਤਲਬ ਹੁੰਦਾ ਹੈ ਕਿਸੇ ਕੰਪਨੀ ਦੇ ਅੰਦਰਲੇ ਲੋਕਾਂ, ਜਿਵੇਂ ਮੁਲਾਜ਼ਮਾਂ ਤੇ ਡਾਇਰੈਕਟਰਾਂ ਵੱਲੋਂ ਕੰਪਨੀ ਬਾਰੇ ਖੁਫੀਆ ਤੇ ਗੈਰ-ਜਨਤਕ ਜਾਣਕਾਰੀ ਦੀ ਵਰਤੋਂ ਕਰਕੇ ਸ਼ੇਅਰ ਜਾਂ ਹੋਰਨਾਂ ਪ੍ਰਤੀਭੂਤੀਆਂ ਵਿੱਚ ਲਾਭ ਕਮਾਉਣ ਲਈ ਖਰੀਦ-ਵਿਕਰੀ ਕਰਨਾ, ਜੋ ਕਿ ਗੈਰਕਾਨੂੰਨੀ ਹੈ। ਮਿਸਾਲ ਦੇ ਤੌਰ 'ਤੇ ਇੱਕ ਕੰਪਨੀ ਦੇ ਡਾਇਰੈਕਟਰ ਨੂੰ ਪਤਾ ਹੈ ਕਿ ਕੰਪਨੀ ਵੱਡਾ ਸੌਦਾ ਮਾਰਨ ਵਾਲੀ ਹੈ, ਜਿਸ ਨਾਲ ਕੰਪਨੀ ਦੇ ਸ਼ੇਅਰ ਦੀ ਕੀਮਤ ਵਧ ਸਕਦੀ ਹੈ, ਜੇ ਉਹ ਇਸ ਜਾਣਕਾਰੀ ਦੀ ਵਰਤੋਂ ਕਰਕੇ ਸ਼ੇਅਰ ਖਰੀਦਦਾ ਹੈ ਤਾਂ ਉਹ ਇਨਸਾਈਡਰ ਟਰੇਡਿੰਗ ਹੋਵੇਗੀ।)

ਕੁਝ ਕਾਨੂੰਨਦਾਨ ਪੁੱਛ ਰਹੇ ਹਨ ਕਿ ਕੀ ਟਰੰਪ ਨੇ ਸਟਾਕ ਮਾਰਕਿਟ ਨਾਲ ਚਾਲਬਾਜ਼ੀ ਕੀਤੀ? ਟਰੰਪ ਵੱਲੋਂ ਲਾਏ ਗਏ ਟੈਰਿਫ ਨਾਲ ਸੰਸਾਰ ਭਰ ਦੇ ਸ਼ੇਅਰ ਬਾਜ਼ਾਰਾਂ ਵਿੱਚ ਭੁਚਾਲ ਆ ਗਿਆ ਸੀ। ਲੰਘੇ ਬੁੱਧਵਾਰ ਸਵੇਰੇ ਨਿਊ ਯਾਰਕ ਸਟਾਕ ਐਕਸਚੇਂਜ ਵਿੱਚ ਕਾਰੋਬਾਰ ਭਾਰੀ ਗਿਰਾਵਟ ਨਾਲ ਸ਼ੁਰੂ ਹੋਇਆ। ਅਮਰੀਕੀ ਸਮੇਂ ਮੁਤਾਬਕ ਸਵੇਰੇ 9 ਵੱਜ ਕੇ 37 ਮਿੰਟ 'ਤੇ ਟਰੰਪ ਨੇ ਟਰੁੱਥ ਸਪੈਸ਼ਲ 'ਤੇ ਪੋਸਟ ਪਾ ਦਿੱਤੀ— ਇਹ ਸ਼ੇਅਰ ਖਰੀਦਣ ਦਾ ਵੱਡਾ ਮੌਕਾ ਹੈ! ਇਸ ਦੇ ਚਾਰ ਘੰਟਿਆਂ ਬਾਅਦ ਟਰੰਪ ਨੇ ਐਲਾਨ ਦਿੱਤਾ ਕਿ ਉਹ ਜਵਾਬੀ ਟੈਰਿਫ 'ਤੇ ਅਮਲ 90 ਦਿਨਾਂ ਲਈ ਰੋਕ ਰਿਹਾ ਹੈ, ਪਰ ਚੀਨ ਨੂੰ ਨਹੀਂ ਬਖਸ਼ਿਆ ਤੇ ਉਸ ਦੇ ਮਾਲ 'ਤੇ ਟੈਰਿਫ ਵਧਾ ਕੇ 125 ਫੀਸਦੀ ਕਰ ਦਿੱਤਾ। ਇਸ ਤੋਂ ਬਾਅਦ ਸ਼ੇਅਰ ਬਾਜ਼ਾਰ ਫਿਰ ਚੜ੍ਹ ਗਿਆ। ਐੱਸ ਐਂਡ ਪੀ ਨੇ 9.5 ਫੀਸਦੀ ਦੀ ਛਾਲ ਮਾਰੀ ਤੇ ਮਾਰਕਿਟ ਕਦਰ ਵਿੱਚ ਕਰੀਬ ਚਾਰ ਟ੍ਰਿਲੀਅਨ

ਡਾਲਰ (ਇੱਕ ਟ੍ਰਿਲੀਅਨ ਬਰਾਬਰ ਦਹਿਖਰਬ) ਮੁੜ ਹਾਸਲ ਕਰ ਲਏ। ਇਹ ਪਿਛਲੇ ਚਾਰ ਦਿਨਾਂ ਵਿੱਚ ਗੁਆਏ ਧਨ ਦਾ ਕਰੀਬ 70 ਫੀਸਦੀ ਬਣਦਾ ਹੈ। ਡੋਅ ਜੋਨਜ਼ ਦੇ ਸ਼ੇਅਰਾਂ ਵਿੱਚ ਵੀ 2800 ਨੁਕਤਿਆਂ ਦਾ ਵਾਧਾ ਹੋਇਆ, ਜਿਨ੍ਹਾਂ ਸਵੇਰੇ ਘੱਟ ਕੀਮਤ 'ਤੇ ਸ਼ੇਅਰ ਖਰੀਦੇ ਸਨ, ਬਾਅਦ ਵਿੱਚ ਨੋਟਾਂ ਦੀਆਂ ਬੋਰੀਆਂ ਭਰ ਕੇ ਲੈ ਗਏ। ਤ੍ਰਭਕੇ ਆਮ ਨਿਵੇਸ਼ਕਾਂ ਨੇ ਮਾਰਕਿਟ ਡਾਊਨ ਜਾਂਦੀ ਵੇਖ ਸ਼ੇਅਰ ਵੇਚ ਦਿੱਤੇ ਸਨ, ਜਿਹੜੇ ਮੁੜ ਕੰਪਨੀਆਂ ਕੋਲ ਚਲੇ ਗਏ। ਮਾਰਕਿਟ ਚੜ੍ਹਨ ਨਾਲ ਕੰਪਨੀਆਂ ਦੇ ਵਾਰੇ-ਨਿਆਰੇ ਹੋ ਗਏ। ਇਸ ਤੋਂ ਪਹਿਲਾਂ ਨੈਸਡੈਕ ਨੇ 2008 ਵਿੱਚ ਸਭ ਤੋਂ ਵੱਧ ਕਮਾਈ ਕੀਤੀ ਸੀ, ਜਦੋਂ ਸ਼ੇਅਰਾਂ ਵਿੱਚ ਕਰੀਬ 12 ਫੀਸਦੀ ਉਛਾਲਾ ਆਇਆ ਸੀ।

ਕੋਰੋਨਾ ਮਹਾਂਮਾਰੀ ਦੀ ਸ਼ੁਰੂਆਤ ਵਿੱਚ ਸ਼ੇਅਰ ਮਾਰਕਿਟ 'ਚ ਇਹ ਭਾਣਾ ਵਰਤਿਆ ਸੀ। ਟਰੰਪ ਦੇ ਨਵੇਂ ਐਲਾਨ ਨਾਲ ਜਾਪਾਨ ਦਾ ਨਿੱਕੀ ਸ਼ੇਅਰ ਬਾਜ਼ਾਰ 8 ਫੀਸਦੀ ਚੜ੍ਹਿਆ, ਜਦਕਿ ਯੂਰਪੀ ਬਾਜ਼ਾਰਾਂ ਵਿੱਚ ਵੀ ਕਾਫੀ ਰੌਣਕ ਆਈ। ਇੱਥੋਂ ਤੱਕ ਕਿ ਟਰੰਪ ਦੇ ਆਤਾਬ ਦਾ ਸ਼ਿਕਾਰ ਚੀਨ ਦੇ ਸ਼ੇਅਰ ਬਾਜ਼ਾਰ ਵੀ ਚੜ੍ਹੇ।

ਅਮਰੀਕਾ ਦੇ ਡੈਮੋਕਰੇਟਿਕ ਸੈਨੇਟਰ ਕ੍ਰਿਸ ਮਰਫੀ ਨੇ ਕਿਹਾ ਹੈ ਕਿ ਇਨਸਾਈਡਰ ਟਰੇਡਿੰਗ ਸਕੈਂਡਲ ਹਵਾੜ ਮਾਰਨ ਲੱਗ ਪਿਆ ਹੈ। ਟਰੰਪ ਦੇ ਸਵੇਰੇ ਸਾਢੇ 9 ਵਜੇ ਦੇ ਟਵੀਟ ਨੇ ਸਪੱਸ਼ਟ ਕਰ ਦਿੱਤਾ ਕਿ ਉਹ ਆਪਣਿਆਂ ਨੂੰ ਮਾਲਾਮਾਲ ਕਰਨ ਲਈ ਉਤਾਵਲਾ ਸੀ, ਕਿਉਂਕਿ ਨਿੱਜੀ ਜਾਣਕਾਰੀ ਉਸ ਨੂੰ ਹੀ ਸੀ। ਇਹ ਸਵਾਲ ਪੈਦਾ ਹੁੰਦਾ ਹੈ ਕਿ ਸ਼ੇਅਰ ਮਾਰਕਿਟ ਦੀ ਉਥਲ-ਪੁਥਲ ਨਾਲ ਉਸ ਦੇ ਬੰਦਿਆਂ ਨੇ ਕਿੰਨੀ ਕਮਾਈ ਕੀਤੀ? ਕੈਲੀਫੋਰਨੀਆ ਦੇ ਸੈਨੇਟਰ ਐਡਮ ਸ਼ਿਫ ਨੇ ਕਿਹਾ ਕਿ ਟਰੰਪ ਟੈਰਿਫ ਲਾ ਕੇ ਤੇ ਰੋਕ ਕੇ ਸ਼ੇਅਰ ਮਾਰਕਿਟ ਵਿੱਚ ਜ਼ਬਰਦਸਤ ਉਥਲ-ਪੁਥਲ ਕਰ ਰਿਹਾ ਹੈ। ਟਰੰਪ ਵੱਲੋਂ ਟੈਰਿਫ 'ਤੇ ਰੋਕ ਲਾਉਣ ਬਾਰੇ ਪ੍ਰਸ਼ਾਸਨ ਵਿੱਚ ਕਿਸ ਨੂੰ ਪਤਾ ਸੀ? ਕੀ ਕਿਸੇ ਨੇ ਸ਼ੇਅਰ ਖਰੀਦ ਕੇ ਤੇ ਵੇਚ ਕੇ ਲੋਕਾਂ ਦੀ ਕੀਮਤ 'ਤੇ ਫਾਇਦਾ ਉਠਾਇਆ? ਲੋਕ ਇਹ ਜਾਨਣਾ ਚਾਹੁੰਦੇ ਹਨ। ਕੀ ਇਨਸਾਈਡਰ ਟਰੇਡਿੰਗ ਨਾਲ ਟਰੰਪ ਦੇ ਜੋਟੀਦਾਰਾਂ ਨੇ ਮੁਨਾਫਾ ਕਮਾਇਆ? ਕਾਂਗਰਸ (ਸੰਸਦ) ਨੂੰ ਇਸ ਦੀ ਜਾਂਚ ਕਰਨੀ ਚਾਹੀਦੀ ਹੈ। ਪ੍ਰਤੀਨਿਧ ਸਭਾ ਦੀ ਮੈਂਬਰ ਮੇਲੈਨੀ ਸਟਾਂਸਬਰੀ ਨੇ ਕਿਹਾ ਕਿ ਟਰੰਪ ਵੱਲੋਂ ਪੋਸਟ ਪਾਉਣਾ ਪਹਿਲਾਂ ਤੋਂ ਫਿਕਸ ਸੀ? ਇਹ ਮੈਨੂੰ ਇਨਸਾਈਡਰ ਟਰੇਡਿੰਗ ਵਰਗਾ ਲੱਗਦਾ ਹੈ। ਨਾ ਸਿਰਫ ਇਹ ਗੈਰਕਾਨੂੰਨੀ ਹੈ, ਇਸ ਨੇ ਅਮਰੀਕੀ ਅਰਥਚਾਰੇ ਤੇ ਮਾਰਕਿਟਾਂ ਨੂੰ ਹਿਲਾ ਕੇ ਰੱਖ ਦਿੱਤਾ ਹੈ। ਟਰੰਪ ਆਪਣੇ ਆੜੀਆਂ ਨੂੰ ਫਾਇਦਾ ਪਹੁੰਚਾ ਰਿਹਾ ਹੈ। ਸੋਸ਼ਲ ਮੀਡੀਆ 'ਤੇ ਲੋਕ ਟਰੰਪ ਦੀ ਹਰਕਤ ਨੂੰ ਲੈ ਕੇ ਤਰ੍ਹਾਂ-ਤਰ੍ਹਾਂ ਦੀਆਂ ਪੋਸਟਾਂ ਪਾ ਰਹੇ ਹਨ।

ਤਹੱਵੁਰ ਹੁਸੈਨ ਰਾਣਾ ਨੂੰ ਅਮਰੀਕਾ ਤੋਂ ਦਿੱਲੀ ਲਿਆਂਦਾ

ਕਾਂਗਰਸ ਤੇ ਭਾਜਪਾ ਵਿਚਾਲੇ ਸਿਹਰਾ ਲੈਣ ਦੀ ਹੋੜ

ਨਵੀਂ ਦਿੱਲੀ : 26/11 ਮੁੰਬਈ ਹਮਲੇ ਦੇ ਸਾਜ਼ਿਸ਼ਘਾੜਿਆਂ ਵਿੱਚੋਂ ਇੱਕ ਤਹੱਵੁਰ ਹੁਸੈਨ ਰਾਣਾ ਨੂੰ ਦਿੱਲੀ ਲੈ ਆਂਦਾ ਗਿਆ ਹੈ। ਭਾਰਤ ਦੀਆਂ ਵੱਖ-ਵੱਖ ਏਜੰਸੀਆਂ ਦੀ ਟੀਮ ਤਹੱਵੁਰ ਰਾਣਾ ਨੂੰ ਵਿਸ਼ੇਸ਼ ਜਹਾਜ਼ ਰਾਹੀਂ ਅਮਰੀਕਾ ਤੋਂ ਲੈ ਕੇ ਆਈ। ਜਹਾਜ਼ ਵੀਰਵਾਰ ਬਾਅਦ ਦੁਪਹਿਰ 2:39 ਵਜੇ ਦਿੱਲੀ ਦੇ ਾਲਮ ਹਵਾਈ ਅੱਡੇ 'ਤੇ ਲੈਂਡ ਕੀਤਾ। ਇਸ ਦੌਰਾਨ ਕੇਂਦਰ ਸਰਕਾਰ ਨੇ ਰਾਣਾ ਖਿਲਾਫ ਕੇਸ ਦੀ ਪੈਰਵੀ ਲਈ ਨਰੇਂਦਰ ਮਾਨ ਨੂੰ ਤਿੰਨ ਸਾਲਾਂ ਲਈ ਵਿਸ਼ੇਸ਼ ਸਰਕਾਰੀ ਵਕੀਲ ਨਿਯੁਕਤ ਕੀਤਾ ਹੈ।

ਪਾਕਿਸਤਾਨੀ ਮੂਲ ਦਾ ਕੈਨੇਡੀਅਨ ਨਾਗਰਿਕ ਤਹੱਵੁਰ ਰਾਣਾ (64) 2008 ਮੁੰਬਈ ਦਹਿਸ਼ਤੀ ਹਮਲਿਆਂ ਦੇ ਮੁੱਖ ਸਾਜ਼ਿਸ਼ਘਾੜੇ ਤੇ ਅਮਰੀਕੀ ਨਾਗਰਿਕ ਡੇਵਿਡ ਕੋਲੇਮਨ ਹੈਡਲੀ ਉਰਫ ਦਾਊਦ ਗਿਲਾਨੀ ਦਾ ਨੇੜਲਾ ਸਾਥੀ ਹੈ। ਅਮਰੀਕੀ ਸੁਪਰੀਮ ਕੋਰਟ ਵੱਲੋਂ ਲੰਘੇ ਦਿਨੀਂ ਰਾਣਾ ਦੀ ਭਾਰਤ ਨੂੰ ਆਪਣੀ ਸਪੁਰਦਗੀ ਖਿਲਾਫ ਦਾਇਰ ਅਪੀਲ ਖਾਰਜ ਕੀਤੇ ਜਾਣ ਮਗਰੋਂ ਉਸ ਨੂੰ ਭਾਰਤ ਲਿਆਂਦੇ ਜਾਣ ਦਾ ਰਾਹ ਪੱਧਰਾ ਹੋ ਗਿਆ ਸੀ।

ਚੇਤੇ ਰਹੇ ਕਿ 26 ਨਵੰਬਰ 2008 ਨੂੰ ਦਸ ਪਾਕਿਸਤਾਨੀ ਦਹਿਸ਼ਤਗਰਦਾਂ ਨੇ ਮੁੰਬਈ ਵਿੱਚ ਰੇਲਵੇ ਸਟੇਸ਼ਨ, ਦੋ ਲਗਜ਼ਰੀ ਹੋਟਲਾਂ ਤੇ ਯਹੂਦੀ ਸੈਂਟਰ ਨੂੰ ਨਿਸ਼ਾਨਾ ਬਣਾਇਆ ਸੀ। ਇਹ ਦਹਿਸ਼ਤਗਰਦ ਸਮੁੰਦਰੀ ਰਸਤੇ (ਅਰਬ ਸਾਗਰ) ਭਾਰਤ ਦੀ ਵਿੱਤੀ ਰਾਜਧਾਨੀ 'ਚ ਦਾਖਲ ਹੋਏ ਸਨ। ਇਨ੍ਹਾਂ ਹਮਲਿਆਂ ਦੌਰਾਨ 166 ਲੋਕਾਂ ਦੀ ਜਾਨ ਜਾਂਦੀ ਰਹੀ ਸੀ।

ਇਸੇ ਦੌਰਾਨ ਸਾਬਕਾ ਕੇਂਦਰੀ ਗ੍ਰਹਿ ਮੰਤਰੀ ਤੇ ਸੀਨੀਅਰ ਕਾਂਗਰਸ ਆਗੂ ਪੀ ਚਿਦੰਬਰਮ ਨੇ ਕਿਹਾ ਹੈ ਕਿ ਰਾਣਾ ਦੀ ਹਵਾਲਗੀ ਦਾ ਅਮਲ ਮੋਦੀ ਸਰਕਾਰ ਨੇ ਸ਼ੁਰੂ ਨਹੀਂ ਕੀਤਾ, ਬਲਕਿ ਕਾਂਗਰਸ ਦੀ ਅਗਵਾਈ ਵਾਲੀ ਯੂ ਪੀ ਏ ਸਰਕਾਰ ਵੇਲੇ ਸ਼ੁਰੂ ਹੋਈ 'ਪਰਪੱਕ, ਇਕਸਾਰ ਅਤੇ ਰਣਨੀਤਕ ਕੂਟਨੀਤੀ' ਦਾ ਅੱਜ ਲਾਭ ਮਿਲਿਆ ਹੈ। ਚਿਦੰਬਰਮ ਨੇ ਕਿਹਾ ਕਿ ਸਰਕਾਰ ਨੇ ਤਹੱਵੁਰ ਰਾਣਾ ਦੀ ਹਵਾਲਗੀ ਨੂੰ ਸੰਭਵ ਬਣਾਉਣ ਲਈ ਕੁਝ ਨਹੀਂ ਕੀਤਾ • ਬਾਕੀ ਸਫਾ 2 'ਤੇ

ਸਬ-ਇੰਸਪੈਕਟਰ ਦੇ ਕਤਲ 'ਚ ਸਰਪੰਚ ਸਣੇ 50 ਨਾਮਜ਼ਦ

ਸ੍ਰੀ ਗੋਇੰਦਵਾਲ ਸਾਹਿਬ : ਬੁੱਧਵਾਰ ਦੇਰ ਰਾਤ ਪਿੰਡ ਕੋਟ ਮੁਹੰਮਦ ਖਾਂ ਵਿੱਚ ਦੋ ਧਿਰਾਂ ਦੇ ਝਗੜੇ ਨੂੰ ਸੁਲਝਾਉਣ ਗਈ ਥਾਣਾ ਗੋਇੰਦਵਾਲ ਸਾਹਿਬ ਦੀ ਪੁਲਸ ਪਾਰਟੀ 'ਤੇ ਹੋਏ ਹਮਲੇ ਦੌਰਾਨ ਮਾਰੇ ਗਏ ਸਬ-ਇੰਸਪੈਕਟਰ ਚਰਨਜੀਤ ਸਿੰਘ ਦੇ ਮਾਮਲੇ ਵਿੱਚ ਸਬ-ਡਵੀਜ਼ਨ ਗੋਇੰਦਵਾਲ ਸਾਹਿਬ ਦੇ ਡੀ ਐੱਸ ਪੀ ਅਤੁਲ ਸੋਨੀ ਦੇ ਬਿਆਨ 'ਤੇ ਆਮ ਆਦਮੀ ਪਾਰਟੀ ਨਾਲ ਸੰਬੰਧਤ ਸਰਪੰਚ ਸਮੇਤ 50 ਵਿਅਕਤੀਆਂ ਖਿਲਾਫ ਕਤਲ ਸਮੇਤ ਵੱਖ-ਵੱਖ ਧਾਰਾਵਾਂ ਤਹਿਤ ਕੇਸ ਦਰਜ ਕੀਤਾ ਗਿਆ ਹੈ।

ਐੱਸ ਪੀ (ਡੀ) ਅਜੈਰਾਜ ਸਿੰਘ ਨੇ ਦੱਸਿਆ ਕਿ ਮੁਲਜ਼ਮਾਂ ਦੀ ਗ੍ਰਿਫਤਾਰੀ ਲਈ ਛਾਪੇਮਾਰੀ ਜਾਰੀ ਹੈ। ਸਰਪੰਚ ਕੁਲਦੀਪ ਸਿੰਘ, ਰਾਜਬੀਰ ਸਿੰਘ, ਅਮਨਦੀਪ ਸਿੰਘ, ਗੁਰਦਿਆਲ ਸਿੰਘ, ਜਗਰੂਪ ਸਿੰਘ, ਬਲਜਿੰਦਰ ਸਿੰਘ, ਰੇਸ਼ਮ ਸਿੰਘ, ਹਰਮਨਜੀਤ ਸਿੰਘ, ਰਾਜਦੀਪ ਸਿੰਘ, ਗੁਰਸੇਵਕ ਸਿੰਘ, ਪਲਵਿੰਦਰ ਸਿੰਘ, ਜ਼ੋਰਾਵਰ ਸਿੰਘ, ਸਤਨਾਮ ਸਿੰਘ, ਅਰਸ਼ਪ੍ਰੀਤ ਸਿੰਘ, ਅਰਸ਼ਦੀਪ ਸਿੰਘ, ਲਵਪ੍ਰੀਤ ਸਿੰਘ, ਚਮਕੌਰ ਸਿੰਘ, ਜਸ਼ਨਪ੍ਰੀਤ ਸਿੰਘ, ਸ਼ਮਸ਼ੇਰ ਸਿੰਘ, ਹਰਪਾਲ ਸਿੰਘ ਤੋਂ ਇਲਾਵਾ 40/50 ਅਣਪਛਾਤੇ ਵਿਅਕਤੀਆਂ ਖਿਲਾਫ ਕੇਸ ਦਰਜ ਕੀਤਾ ਗਿਆ ਹੈ। ਪਿਛਲੇ ਦਸ ਦਿਨ ਤੋਂ ਪਿੰਡ ਦੇ ਰਹਿਣ ਵਾਲੇ ਅਰਸ਼ਦੀਪ ਸਿੰਘ ਦਾ ਸਰਪੰਚ ਕੁਲਦੀਪ ਸਿੰਘ ਦੇ ਮੁੰਡੇ ਨਾਲ ਝਗੜਾ ਚੱਲ ਰਿਹਾ ਸੀ। ਅਰਸ਼ਦੀਪ ਸਿੰਘ ਦੀ ਧਿਰ ਨੇ ਸਰਪੰਚ ਕੁਲਦੀਪ ਸਿੰਘ ਖਿਲਾਫ ਥਾਣਾ ਗੋਇੰਦਵਾਲ ਸਾਹਿਬ ਵਿਖੇ ਕਾਰਵਾਈ ਲਈ ਲਿਖਤੀ ਸ਼ਿਕਾਇਤ ਦਿੱਤੀ ਸੀ। ਹਾਲਾਂਕਿ ਗੋਇੰਦਵਾਲ ਪੁਲਸ ਕਥਿਤ ਸਿਆਸੀ ਦਬਾਅ ਦੇ ਚੱਲਦਿਆਂ ਸਰਪੰਚ ਕੁਲਦੀਪ ਸਿੰਘ ਖਿਲਾਫ ਕੋਈ ਕਾਰਵਾਈ ਨਹੀਂ ਕਰ ਰਹੀ ਸੀ। ਜਦੋਂ ਝਗੜਾ ਵਧ ਗਿਆ, ਸਬ-ਇੰਸਪੈਕਟਰ ਚਰਨਜੀਤ ਸਿੰਘ ਮਸਲੇ ਦੇ ਨਿਪਟਾਰੇ ਲਈ ਆਪਣੀ ਟੀਮ ਨਾਲ ਉਥੇ ਪੁੱਜੇ ਤਾਂ ਸਰਪੰਚ ਕੁਲਦੀਪ ਸਿੰਘ ਦੀ ਧਿਰ ਨੇ ਡੀ ਐੱਸ ਪੀ ਅਤੁਲ ਸੋਨੀ ਦੇ ਸਾਹਮਣੇ ਸਬ-ਇੰਸਪੈਕਟਰ ਚਰਨਜੀਤ ਸਿੰਘ ਕੋਲੋਂ ਉਸ ਦਾ ਡਿਊਟੀ ਰਿਵਾਲਵਰ ਖੋਹ ਕੇ ਗੋਲੀ ਮਾਰ ਦਿੱਤੀ। ਚਰਨਜੀਤ ਸਿੰਘ ਨੂੰ ਇਲਾਜ ਲਈ ਹਸਪਤਾਲ ਲਿਆਂਦਾ ਗਿਆ, ਪਰ ਡਾਕਟਰਾਂ ਨੇ ਮ੍ਰਿਤਕ ਐਲਾਨ ਦਿੱਤਾ। ਇਸ ਖੂਨੀ ਝੜਪ ਦੌਰਾਨ ਏ ਐੱਸ ਆਈ ਜਸਬੀਰ ਸਿੰਘ ਵੀ ਬੁਰੀ ਤਰ੍ਹਾਂ ਜ਼ਖਮੀ ਹੋ ਗਿਆ। ਉਸ ਦੀ ਇੱਕ ਬਾਂਹ ਟੁੱਟੀ ਹੈ।

ਵਕਫ ਸੋਧ ਕਾਨੂੰਨ ਖਿਲਾਫ ਸੁਣਵਾਈ 16 ਨੂੰ

ਨਵੀਂ ਦਿੱਲੀ : ਚੀਫ ਜਸਟਿਸ ਸੰਜੀਵ ਖੰਨਾ ਦੀ ਅਗਵਾਈ ਵਾਲੀ ਸੁਪਰੀਮ ਕੋਰਟ ਦੇ ਤਿੰਨ ਜੱਜਾਂ ਦੀ ਬੈਂਚ ਵਕਫ ਸੋਧ ਐਕਟ 2025 ਦੀ ਸੰਵਿਧਾਨਕ ਵੈਧਤਾ ਨੂੰ ਚੁਣੌਤੀ ਦਿੰਦੀਆਂ ਪਟੀਸ਼ਨਾਂ 'ਤੇ 16 ਅਪਰੈਲ ਨੂੰ ਸੁਣਵਾਈ ਕਰੇਗੀ। ਬੈਂਚ ਵਿੱਚ ਚੀਫ ਜਸਟਿਸ ਤੋਂ ਇਲਾਵਾ ਜਸਟਿਸ ਸੰਜੈ ਕੁਮਾਰ ਤੇ ਜਸਟਿਸ ਕੇ ਵੀ ਵਿਸ਼ਵਨਾਥਨ ਸ਼ਾਮਲ ਹੋਣਗੇ।

ਕੇਂਦਰ ਸਰਕਾਰ ਨੇ ਮੰਗਲਵਾਰ ਨੂੰ ਇਸ ਮਾਮਲੇ ਵਿੱਚ ਕੈਵੀਏਟ ਦਾਖਲ ਕਰਕੇ ਕੋਈ ਵੀ ਫੈਸਲਾ ਸੁਣਾਏ ਜਾਣ ਤੋਂ ਪਹਿਲਾਂ ਉਸ ਦਾ ਪੱਖ ਸੁਣੇ ਜਾਣ ਦੀ ਮੰਗ ਕੀਤੀ ਸੀ। ਕੈਵੀਏਟ ਇੱਕ ਧਿਰ ਵੱਲੋਂ ਹਾਈ ਕੋਰਟ ਤੇ ਸੁਪਰੀਮ ਕੋਰਟ ਵਿੱਚ ਦਾਖ਼ਲ ਕੀਤੀ ਜਾਂਦੀ ਹੈ, ਤਾਂ ਕਿ ਕੋਈ ਵੀ ਫੈਸਲਾ ਸੁਣਾਏ ਜਾਣ ਤੋਂ ਪਹਿਲਾਂ ਉਸ ਦਾ ਪੱਖ ਜ਼ਰੂਰ ਸੁਣਿਆ ਜਾਵੇ। ਨਵੇਂ ਕਾਨੂੰਨ ਦੀ ਵੈਧਤਾ ਨੂੰ ਚੁਣੌਤੀ ਦੇਣ ਵਾਲੀਆਂ 10 ਤੋਂ ਵੱਧ ਪਟੀਸ਼ਨਾਂ ਸੁਪਰੀਮ ਕੋਰਟ ਵਿੱਚ ਦਾਖਲ ਕੀਤੀਆਂ ਗਈਆਂ ਹਨ। ਸੰਸਦ ਦੇ ਦੋਵਾਂ ਸਦਨਾਂ ਵਿਚ ਬਿੱਲ ਪਾਸ ਹੋਣ ਤੇ ਮਗਰੋਂ ਰਾਸ਼ਟਰਪਤੀ ਦਰੋਪਦੀ ਮੁਰਮੂ ਦੀ ਸਹੀ ਨਾਲ ਇਸ ਬਿੱਲ ਨੇ ਕਾਨੂੰਨ ਦੀ ਸ਼ਕਲ ਲੈ ਲਈ ਸੀ। ਕੇਂਦਰ ਸਰਕਾਰ ਨੇ ਮੰਗਲਵਾਰ ਨੂੰ ਵਕਫ ਸੋਧ ਐਕਟ ਨੋਟੀਫਾਈ ਕਰ ਦਿੱਤਾ ਸੀ।

ਧੀ ਦੇ ਮੰਗੇਤਰ ਨਾਲ ਭੱਜ ਗਈ

ਅਲੀਗੜ੍ਹ : ਯੂ ਪੀ ਦੇ ਅਲੀਗੜ੍ਹ 'ਚ ਅਨੀਤਾ ਦੇਵੀ ਆਪਣੀ ਧੀ ਦੇ 16 ਅਪ੍ਰੈਲ ਨੂੰ ਹੋਣ ਵਾਲੇ ਵਿਆਹ ਤੋਂ ਪਹਿਲਾਂ ਉਸ ਦੇ ਮੰਗੇਤਰ ਰਾਹੁਲ (ਸ਼ਿਵਾ) ਨਾਲ ਭੱਜ ਗਈ। ਘਰ ਵਿੱਚ ਵਿਆਹ ਦੀਆਂ ਤਿਆਰੀਆਂ ਚੱਲ ਰਹੀਆਂ ਸਨ। ਅਨੀਤਾ ਦੇਵੀ ਘਰ ਤੋਂ ਲਗਭਗ 5 ਲੱਖ ਰੁਪਏ ਦੇ ਗਹਿਣੇ ਅਤੇ 3.50 ਲੱਖ ਰੁਪਏ ਨਕਦ ਵੀ ਲੈ ਗਈ। ਹੁਣ ਘਰ ਵਿਚ ਸਿਰਫ ਖਾਲੀ ਅਲਮਾਰੀਆਂ ਅਤੇ ਟੁੱਟੀਆਂ ਆਸਾਂ ਹੀ ਬਚੀਆਂ ਹਨ। ਉਸ ਦੀ ਧੀ ਗਹਿਰੇ ਸਦਮੇ ਵਿੱਚ ਹੈ ਅਤੇ ਉਸ ਦਾ ਇਲਾਜ ਕੀਤਾ ਜਾ ਰਿਹਾ ਹੈ। ਮਡਰਕ ਥਾਣਾ ਖੇਤਰ ਵਿੱਚ ਅਨੀਤਾ ਦੇ ਗਾਇਬ ਹੋਣ ਦੀ ਸੂਚਨਾ ਮਿਲਣ 'ਤੇ ਪੁਲਸ ਵੱਲੋਂ ਗੁੰਮਸ਼ੁਦਗੀ ਦਾ ਮਾਮਲਾ ਦਰਜ ਕਰਕੇ ਕਾਨੂੰਨੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ। ਮੀਡੀਆ ਰਿਪੋਰਟਾਂ ਅਨੁਸਾਰ ਦੋਹਾਂ (ਸੱਸ ਤੇ ਮੰਗੇਤਰ) ਵਿਚਕਾਰ ਪਿਛਲੇ 3-4 ਮਹੀਨਿਆਂ ਤੋਂ ਲਗਾਤਾਰ ਗੱਲਬਾਤ ਹੋ

ਰਹੀ ਸੀ। ਇਥੋਂ ਤੱਕ ਕਿ ਮਹਿਲਾ ਨੇ ਖੁਦ

ਸਰਕਾਰੀ ਸਕੂਲਾਂ 'ਚ ਦਾਖਲਾ ਵਧਾਉਣ ਲਈ ਜਨ-ਸੰਪਰਕ ਮੁਹਿੰਮ ਆਰੰਭ

ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)-ਜ਼ਿਲ੍ਹਾ ਸਿੱਖਿਆ ਅਫ਼ਸਰ ਸ੍ਰੀਮਤੀ ਇੰਦੂ ਸਿੰਮਕ ਦੇ ਦਿਸ਼ਾ-ਨਿਰਦੇਸ਼ਾਂ ਅਤੇ ਯੋਗ ਅਗਵਾਈ 'ਚ ਬਰਨਾਲਾ ਜ਼ਿਲਾ ਦੇ ਸਰਕਾਰੀ ਸਕੂਲਾਂ ਵਿੱਚ ਬੱਚਿਆਂ ਦਾ ਦਾਖਲਾ ਗਿਣਤੀ ਵਧਾਉਣ ਲਈ ਜਨ ਸੰਪਰਕ ਮੁਹਿਮ ਦੀ ਸ਼ੁਰੂਆਤ ਕੀਤੀ ਗਈ, ਜਿਸਦੇ ਤਹਿਤ ਬਲਾਕ ਵਿੱਚ ਉੱਪ ਜ਼ਿਲ੍ਹਾ ਸਿੱਖਿਆ ਅਫ਼ਸਰ ਬਰਜਿੰਦਰਪਾਲ ਸਿੰਘ ਨੇ ਆਪਣੀ ਸਮੁੱਚੀ ਟੀਮ ਜਸਵਿੰਦਰ ਸਿੰਘ ਬੀ ਐੱਨ ਓ, ਸ੍ਰੀ ਕਮਲਦੀਪ ਡੀ ਆਰ ਸੀ ਤੇ ਸਤੀਸ਼ ਕੁਮਾਰ ਬੀ ਆਰ ਸੀ ਨਾਲ ਮਿਲ ਕੇ ਬਲਾਕ ਦੇ ਲਗਭਗ ਪੰਦਰਾਂ ਸਕੂਲਾਂ ਵਿੱਚ ਸ਼ਿਰਕਤ ਕੀਤੀ, ਜਿਸ ਵਿੱਚ ਸਮੁੱਚੀਆਂ ਗ੍ਰਾਮ ਪੰਚਾਇਤਾਂ ਤੇ ਸਕੂਲ ਮੈਨੇਜਮੈਂਟ ਦੇ ਮੈਂਬਰ ਸਾਹਿਬਾਨ ਹਾਜ਼ਰ ਹੋਏ। ਹੈੱਡ ਮਾਸਟਰ ਕੁਲਦੀਪ ਸਿੰਘ ਕਮਲ ਨੇ ਦੱਸਿਆ ਕਿ ਜ਼ਿਲ੍ਹਾ ਸਿੱਖਿਆ ਅਫ਼ਸਰ ਵੱਲੋਂ ਪੂਰੇ ਜ਼ਿਲੇ ਨੂੰ ਦਸ ਪ੍ਰਤੀਸ਼ਤ ਦਾਖਲਾ ਵਾਧੇ ਦਾ ਟੀਚਾ ਦਿੱਤਾ ਗਿਆ ਹੈ, ਜਿਸ ਦੀ ਰੋਜ਼ਾਨਾ ਜ਼ਿਲ੍ਹਾ ਹੈੱਡਕੁਆਟਰ 'ਤੇ ਮੋਨੀਟਰਿੰਗ ਹੋ ਰਹੀ ਹੈ, ਕਿਉਂਕਿ ਸਿੱਖਿਆ ਕ੍ਰਾਂਤੀ ਪੰਜਾਬ ਤਹਿਤ ਪਿਛਲੇ ਤਿੰਨ ਸਾਲਾਂ ਵਿੱਚ ਮੌਜੂਦਾ ਸਰਕਾਰ ਵੱਲੋਂ ਸਕੂਲਾਂ ਦੇ ਸੁੰਦਰੀਕਰਨ ਤੇ ਬੁਨਿਆਦੀ ਢਾਂਚੇ ਨੂੰ ਅਧੁਨਿਕ ਬਣਾਉਣ ਲਈ ਜੋ ਗ੍ਰਾਂਟਾਂ ਜਾਰੀ ਕੀਤੀਆਂ ਹਨ, ਉਸਦੇ ਅਧਾਰ 'ਤੇ ਹੀ ਸਾਡੇ ਸਰਕਾਰੀ ਸਕੂਲ ਪ੍ਰਾਈਵੇਟ ਸਕੂਲਾਂ ਨਾਲੋਂ ਸਸਤੀ ਤੇ ਮਿਆਰੀ ਸਿੱਖਿਆ ਦੇਣ ਲਈ ਮੋਹਰੀ ਰੋਲ ਅਦਾ ਕਰ ਰਹੇ ਹਨ।

ਬਾਬਾ ਗੁਰਦਿਆਲ ਸਿੰਘ ਦੀ ਬਰਸੀ ਮਨਾਈ

ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)-ਇਤਿਹਾਸਕ ਗੁਰਦਆਰਾ ਸ੍ਰੀ ਕ੍ਰਿਪਾਨ ਭੇਟ ਸਾਹਿਬ ਵਿਖੇ ਸੰਤ ਬਾਬਾ ਗੁਰਦਿਆਲ ਸਿੰਘ ਜੀ ਦੀ ਬਰਸੀ ਗੁਰਦੁਆਰਾ ਸਾਹਿਬ ਦੇ ਮੁੱਖ ਸੇਵਾਦਾਰ ਜਥੇ. ਸਰਵਣ ਸਿੰਘ ਰਸਾਲਦਾਰ ਦੀ ਅਗਵਾਈ ਵਿੱਚ ਬੜੀ ਸ਼ਰਧਾ ਨਾਲ ਮਨਾਈ ਗਈ, ਜਿਸ ਵਿਚ ਸ੍ਰੀ ਅਖੰਡ ਪਾਠ ਸਾਹਿਬ ਦੇ ਸਵਾ ਮਹੀਨੇ ਲੜੀ ਦੇ ਭੋਗ ਪਾਉਣ ਉਪਰੰਤ ਇਲਾਕੇ ਦੀ ਸੁੱਖ ਸ਼ਾਂਤੀ ਲਈ ਅਰਦਾਸ ਕੀਤੀ ਗਈ। ਸਮਾਗਮ ਦੇ ਸ਼ੁਰੂ ਵਿੱਚ ਬਾਬਾ ਮਨਵੀਰ ਸਿੰਘ ਰਾੜਾ ਸਾਹਿਬ ਵਾਲਿਆਂ ਨੇ ਰਸਮਈ ਕੀਰਤਨ ਕੀਤਾ, ਉੱਥੇ ਰਾਗੀ ਜਸਦੇਵ ਸਿੰਘ, ਕਵੀਸ਼ਰ ਦਿਲਬਾਗ ਸਿੰਘ ਭੈਣੀ ਸਾਹਿਬ ਨੇ ਵੀ ਸੰਗਤਾਂ ਨੂੰ ਗੁਰੂ ਜਸ ਸੁਣਾ ਕੇ ਨਿਹਾਲ ਕੀਤਾ। ਸਮਾਗਮ ਵਿੱਚ ਉਚੇਚੇ ਤੌਰ 'ਤੇ ਪੁੱਜੇ ਅੰਤਰਰਾਸ਼ਟਰੀ ਕਵੀਸ਼ਰੀ ਜੱਥਾ ਭਾਈ ਗੁਰਮੁੱਖ ਸਿੰਘ ਐੱਮ.ਏ. ਨੇ ਸਾਥੀ ਦਲਜੀਤ ਸਿੰਘ ਸੇਖਵਾਂ, ਰਣਜੀਤ ਸਿੰਘ ਚੀਮਾ, ਜੁਗਰਾਜ ਸਿੰਘ ਤੇ ਨਰਿਦਰ ਸਿੰਘ ਨਾਲ ਮਿਲ ਕੇ ਚਮਕੌਰ ਸਾਹਿਬ ਦੀ ਗੜ੍ਹੀ ਤੋਂ ਲੈ ਕੇ ਗੁਰਦੁਆਰਾ ਕਟਾਣਾ ਸਾਹਿਬ ਤੱਕ ਦੀ ਸ੍ਰੀ ਗੁਰੂ ਗੋਬਿੰਦ ਸਿੰਘ ਦੀ ਯਾਤਰਾ ਨੂੰ ਕਵੀਸ਼ਰੀ ਰਾਹੀਂ ਪੇਸ਼ ਕੀਤਾ। ਸਮਾਗਮ ਤੋਂ ਬਾਅਦ ਜਿੱਥੇ ਜੁਝਾਰੂ ਸਿਘਾਂ ਨੇ ਗੱਤਕਾਬਾਜ਼ੀ ਦੇ ਜੌਹਰ ਦਿਖਾਏ, ਉੱਥੇ ਖਾਲਸਾਈ ਜਾਹੋ-ਜਲਾਲ ਨਾਲ ਮਹੱਲਾ ਵੀ ਸਜਾਇਆ ਗਿਆ। ਆਈਆਂ ਸੰਗਤਾਂ ਲਈ ਅਤੁੱਟ ਲੰਗਰ ਵੀ ਵਰਤਾਇਆ ਗਿਆ।

ਨਸ਼ਿਆਂ ਵਿਰੁੱਧ ਮੁਹਿੰਮ ਨੇ ਮੁੱਖ ਮੰਤਰੀ ਦਾ ਸਿਆਸੀ ਕੱਦ ਉੱਚਾ ਕੀਤਾ-ਐਡਵੋਕੇਟ ਗੋਇਲ

ਨਿਹਾਲ ਸਿੰਘ ਵਾਲਾ (ਲਵਲੀ ਮਾਛੀਕੇ)-ਨਸ਼ਿਆਂ ਵਿਰੁੱਧ ਚਲਾਈ ਮੁਹਿੰਮ ਨੇ ਜਿੱਥੇ ਕੀਮਤੀ ਜਾਨਾਂ ਬਚਾਈਆਂ, ਉੱਥੇ ਮੁੱਖ ਮੰਤਰੀ ਭਗਵੰਤ ਮਾਨ ਦਾ ਸਿਆਸੀ ਕੱਦ ਵੀ ਉੱਚਾ ਕੀਤਾ ਹੈ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਆਮ ਆਦਮੀ ਪਾਰਟੀ ਦੇ ਲੀਗਲ ਸੈੱਲ ਦੇ ਮੈਂਬਰ ਸੀਨੀਅਰ ਐਡਵੋਕੇਟ ਚਮਨ ਲਾਲ ਗੋਇਲ ਦੇ ਇੱਕ ਪ੍ਰੈੱਸਵਾਰਤਾ ਦੌਰਾਨ ਕੀਤਾ। ਜ਼ਿਕਰਯੋਗ ਹੈ ਕਿ ਸਰਕਾਰ ਬਣਨ ਤੋਂ ਪਹਿਲਾਂ ਆਮ ਆਦਮੀ ਪਾਰਟੀ ਨੇ ਲੋਕਾਂ ਨੂੰ ਬਹੁਤ ਸਾਰੀਆਂ ਗਰੰਟੀਆਂ ਦਿੱਤੀਆਂ ਸਨ, ਜਿਨ੍ਹਾਂ ਵਿੱਚ ਇੱਕ ਗਰੰਟੀ ਪੰਜਾਬ ਵਿੱਚੋਂ ਨਸ਼ਿਆਂ ਦਾ ਖਾਤਮਾ ਕਰਨ ਦੀ ਸੀ ਤੇ ਇਸ ਗਰੰਟੀ ਨੂੰ ਅਮਲੀ ਜਾਮਾ ਪਹਿਨਾਉਣ ਲਈ ਪਿਛਲੇ ਦਿਨਾਂ ਤੋਂ ਪੰਜਾਬ ਸਰਕਾਰ ਵੱਲੋਂ ਨਸ਼ਿਆਂ ਵਿਰੁੱਧ ਜੰਗੀ ਪੱਧਰ 'ਤੇ ਮੁਹਿੰਮ ਜਾਰੀ ਹੈ। ਨਸ਼ਾ ਤਸਕਰਾਂ 'ਤੇ ਜਿੱਥੇ ਪੁਲਸ ਵੱਲੋਂ ਕਾਰਵਾਈ ਕੀਤੀ ਜਾ ਰਹੀ ਹੈ, ਉਥੇ ਉਨ੍ਹਾਂ ਦੇ ਘਰਾਂ 'ਤੇ ਬੁਲਡੋਜਰ ਵੀ ਫੇਰਿਆ ਜਾ ਰਿਹਾ ਹੈ। ਜਿਸ ਦੇ ਚਲਦਿਆਂ ਨਸ਼ਿਆਂ ਵਿਰੁੱਧ ਕਾਫੀ ਠੱਲ੍ਹ ਪਈ ਹੈ ਅਤੇ ਇਸ ਮੁਹਿੰਮ ਦੀ ਚਾਰ ਚੁਫੇਰਿਉਂ ਸ਼ਲਾਘਾ ਹੋ ਰਹੀ ਹੈ। ਇਸ ਮੁਹਿੰਮ ਨਾਲ ਜਿੱਥੇ ਨਸ਼ਿਆਂ ਨੂੰ ਠੱਲ੍ਹ ਪਈ ਹੈ ਤੇ ਆਮ ਨੌਜਵਾਨਾਂ ਦੀਆਂ ਜਾਨਾਂ ਵੀ ਬਚਾਈਆਂ ਹਨ, ਉੱਥੇ ਇਸ ਨੇ ਪੰਜਾਬ ਦੇ ਮੁੱਖ ਮੰਤਰੀ ਦਾ ਸਿਆਸੀ ਕੱਦ ਵੀ ਉੱਚਾ ਕੀਤਾ ਹੈ।

ਵਿਧਾਇਕ ਦੇਵ ਮਾਨ ਨੇ ਕਣਕ ਦੀ ਖਰੀਦ ਸ਼ੁਰੂ ਕਰਾਈ

ਨਾਭਾ (ਵਰਿੰਦਰ ਵਰਮਾ)-ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਪੰਜਾਬ ਦੀਆਂ ਮੰਡੀਆਂ ਵਿੱਚ ਕਣਕ ਦੀ ਖਰੀਦ ਦੇ ਪ੍ਰਬੰਧ ਪੂਰੀ ਤਰ੍ਹਾਂ ਮੁਕੰਮਲ ਕੀਤੇ ਗਏ ਹਨ, ਜਿਸ ਨਾਲ ਕਿਸਾਨਾਂ ਨੂੰ ਫ਼ਸਲ ਵੇਚਣ ਵਿੱਚ ਕਿਸੇ ਵੀ ਤਰ੍ਹਾਂ ਦੀ ਕੋਈ ਪ੍ਰੇਸ਼ਾਨੀ ਨਹੀਂ ਆਵੇਗੀ।ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਵਿਧਾਇਕ ਗੁਰਦੇਵ ਸਿੰਘ ਦੇਵ ਮਾਨ ਨੇ ਨਵੀਂ ਅਨਾਜ ਮੰਡੀ ਵਿਖੇ ਕਣਕ ਦੀ ਖਰੀਦ ਸ਼ੁਰੂ ਕਰਾਉਣ ਉਪਰੰਤ ਕੀਤਾ।ਵਿਧਾਇਕ ਦੇਵ ਮਾਨ ਨੇ ਕਿਹਾ ਕਿ ਕਿਸਾਨਾਂ ਤੇ ਮਜ਼ਦੂਰਾਂ ਲਈ ਪੀਣ ਵਾਲੇ ਪਾਣੀ, ਬੈਠਣ ਤੇ ਬਾਰਦਾਨੇ, ਰਾਤ ਵੇਲੇ ਬਿਜਲੀ ਦੇ ਪ੍ਰਬੰਧ ਪੁਖਤਾ ਕੀਤੇ ਗਏ ਹਨ।ਉਨ੍ਹਾਂ ਕਿਹਾ ਕਿ ਕਿਸਾਨਾਂ ਨੂੰ ਮੰਡੀਆਂ ਵਿੱਚ ਕਿਸੇ ਤਰ੍ਹਾਂ ਦੀ ਸਮੱਸਿਆ ਦਾ ਸਾਹਮਣਾ ਨਹੀਂ ਕਰਨਾ ਪਵੇਗਾ।ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਵੱਲੋਂ ਜਾਰੀ ਕੀਤੇ ਗਏ ਆਦੇਸ਼ਾਂ ਮੁਤਾਬਕ 24 ਘੰਟਿਆਂ ਵਿੱਚ ਕਿਸਾਨਾਂ ਦੀ ਫ਼ਸਲ ਦਾ ਮੁੱਲ ਉਨ੍ਹਾਂ ਦੇ ਬੈਂਕ ਖਾਤਿਆਂ ਵਿੱਚ ਭੇਜ ਦਿੱਤਾ ਜਾਵੇਗਾ।ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਕਿਸਾਨਾਂ ਦੀ ਫ਼ਸਲ ਦਾ ਦਾਣਾ-ਦਾਣਾ ਚੁੱਕਣ ਲਈ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਕਿਸਾਨ ਮੰਡੀ 'ਚ ਆਪਣੀ ਫ਼ਸਲ ਸੁਕਾ ਕੇ ਲਿਆਉਣ ਤਾਂ ਜੁ ਉਨ੍ਹਾਂ ਨੂੰ ਫ਼ਸਲ ਵੇਚਣ ਸਮੇਂ ਕੋਈ ਦਿੱਕਤ ਪੇਸ਼ ਨਾ ਆਵੇ। ਇਸ ਮੌਕੇ ਆੜ੍ਹਤੀਆ ਐਸੋਸੀਏਸ਼ਨ ਦੇ ਪ੍ਰਧਾਨ ਕਰਮਜੀਤ ਸਿੰਘ ਅਲਹੌਰਾਂ ਵੱਲੋਂ ਹਲਕਾ ਵਿਧਾਇਕ ਦੇਵ ਮਾਨ ਦਾ ਮੰਡੀ 'ਚ ਪੁਖ਼ਤਾ ਖ਼ਰੀਦ ਪ੍ਰਬੰਧ ਕਰਨ ਲਈ ਧੰਨਵਾਦ ਕੀਤਾ ਗਿਆ।

ਡਿਜੀਟਲ ਸੋਸ਼ਲ ਮੀਡੀਆ ਕਲੱਬ ਦੀ ਮੀਟਿੰਗ

ਨਿਹਾਲ ਸਿੰਘ ਵਾਲਾ (ਲਵਲੀ ਕੁਮਾਰ)-ਡਿਜ਼ੀਟਲ ਸੋਸ਼ਲ ਮੀਡੀਆ ਕਲੱਬ ਦੀ ਮੀਟਿੰਗ ਬਰਨਾਲਾ ਰੋਡ ਜਸਵਿੰਦਰ ਸਿੰਘ ਦੇ ਮੁੱਖ ਦਫਤਰ ਵਿਖੇ ਹੋਈ, ਜਿਸ ਵਿੱਚ ਮੋਗਾ ਵਿਖੇ ਸੋਸ਼ਲ ਮੀਡੀਆਂ ਦੇ ਪੱਤਰਕਾਰ ਮਹਿੰਦਰਪਾਲ ਸਿੰਘ ਲੂਥਾ ਉੱਪਰ ਹੋਏ ਨਜਾਇਜ਼ ਹੋਏ ਪਰਚੇ ਨੂੰ ਲੈ ਕੇ ਰੱਦ ਕਰਾਉਣ ਸਬੰਧੀ ਵੱਖ ਵੱਖ ਬੁਲਾਰਿਆਂ ਵੱਲੋਂ ਵਿਚਾਰ ਚਰਚਾ ਕੀਤੀ ਗਈ।ਇਸ ਮੌਕੇ ਗੁਰਚਰਨ ਸਿੰਘ ਰਾਜੂ ਪੱਤੋ ਪ੍ਰਧਾਨ, ਡਾ. ਹਰਗੁਰਪ੍ਰਤਾਪ ਸਿੰਘ, ਚਮਕੌਰ ਸਿੰਘ ਪੱਤੋ, ਗੁਰਪ੍ਰੀਤ ਸਿੰਘ, ਗੁਰਚਰਨ ਸਿੰਘ, ਜਗਦੀਪ ਸਿੰਘ, ਗੁਰਪ੍ਰੀਤ ਸਿੰਘ, ਸੁਖਜੀਤ ਸਿੰਘ, ਜਸਵਿੰਦਰ ਸਿੰਘ, ਗੁਰਮੇਲ ਸਿੰਘ, ਬਲਕਰਨ ਸਿੰਘ, ਕੁਲਵੀਰ ਸਿੰਘ, ਕੁਲਦੀਪ ਸਿੰਘ ਮਨਜਿੰਦਰ ਸਿੰਘ, ਡਾ. ਹਰਭਜਨ ਸਿੰਘ ਬਹੋਨਾ, ਹਰਭਜਨ ਸਿੰਘ ਧਾਲੀਵਾਲ ਤੇ ਜਗਤਾਰ ਸਿੰਘ ਆਦਿ ਹਾਜ਼ਰ ਸਨ।

ਡਾ. ਅੰਬੇਡਕਰ ਦੇ ਜਨਮ ਦਿਨ ਨੂੰ ਸਮਰਪਤ ਵਿਸ਼ਾਲ ਮਾਰਚ ਕੀਤਾ ਜਾਵੇਗਾ

ਦੋਰਾਹਾ (ਹਰਮਿੰਦਰ ਸੇਠ)-ਸਰਪੰਚ ਢਾਬਾ ਬੀਜਾ ਵਿਖੇ ਵੱਖ-ਵੱਖ ਪਿੰਡਾਂ ਤੇ ਵੱਖ-ਵੱਖ ਜਥੇਬੰਦੀਆਂ ਵੱਲੋਂ ਮੀਟਿੰਗ ਕੀਤੀ, ਜਿਸ ਵਿੱਚ ਵੱਖ-ਵੱਖ ਜਥੇਬੰਦੀਆਂ ਦੇ ਆਗੂ ਗੁਰਦੀਪ ਸਿੰਘ ਕਾਲੀ, ਨੌਨਾ ਪੰਚ ਬਰਮਾਲੀਪੁਰ, ਅੰਮ੍ਰਿਤ ਸਿੰਘ ਆਰਤੀ, ਨਿਰਮਲ ਸਿੰਘ ਘੁੰਗਰਾਲੀ, ਕੁਲਦੀਪ ਸਿੰਘ, ਹਰਪ੍ਰੀਤ ਸਿੰਘ, ਮਨੀ ਮੱਟੂ, ਭਿੰਦਰ ਸਿੰਘ ਚਾਪੜਾ, ਜਸਵੀਰ ਸਿੰਘ ਲੱਖੋਵਾਲ, ਬੀਰੀ ਸਰਪੰਚ ਕੋਟ ਸੋਖੋਂ, ਜਸਵਿੰਦਰ ਸਿੰਘ ਦੋਰਾਹਾ ਨੇ ਸ਼ਮੂਲੀਅਤ ਕੀਤੀ, ਜਿਸ ਵਿੱਚ ਫੈਸਲਾ ਕੀਤਾ ਗਿਆ। ਦੇਸ਼ ਦੇ ਪਹਿਲੇ ਕਾਨੂੰਨ ਮੰਤਰੀ ਤੇ ਸੰਵਿਧਾਨ ਨਿਰਮਾਤਾ ਡਾ. ਭੀਮ ਅੰਬੇਡਕਰ ਸਾਹਿਬ ਦਾ ਜਨਮ ਦਿਨ, ਜੋ 14 ਅਪ੍ਰੈਲ ਦਾ ਆ ਰਿਹਾ ਹੈ, ਉਸ ਸਬੰਧੀ ਇੱਕ ਵਿਸ਼ਾਲ ਮੋਟਰਸਾਈਕਲ ਤੇ ਗੱਡੀਆਂ ਦਾ ਮਾਰਚ 19 ਅਪ੍ਰੈਲ ਨੂੰ ਕੱਢਿਆ ਜਾਵੇਗਾ, ਜਿਸ ਦੀ ਸ਼ੁਰੂਆਤ ਪਾਇਲ ਤੋਂ ਸ਼ੁਰੂ ਕਰਕੇ ਦੋਰਾਹਾ, ਸਮਰਾਲਾ, ਖੰਨਾ ਤੇ ਬੀਜਾ ਆਦਿ ਸ਼ਹਿਰਾਂ ਵਿੱਚ ਕੀਤਾ ਜਾਵੇਗਾ।

ਚਣਕੋਈਆਂ ਖੁਰਦ ਜ਼ਮੀਨੀ ਝਗੜੇ ਦੇ ਮਾਮਲੇ 'ਚ 11 ਮੁਲਜ਼ਮ ਕਾਬੂ

ਖੰਨਾ (ਸੁਖਵਿੰਦਰ ਸਿੰਘ ਭਾਦਲਾ)-ਬੀਤੀ ਸ਼ਾਮ ਥਾਣਾ ਦੋਰਾਹਾ ਦੇ ਪਿੰਡ ਚਣਕੋਈਆਂ ਵਿਖੇ ਜ਼ਮੀਨੀ ਕਬਜ਼ੇ ਨੂੰ ਲੈ ਕੇ ਚੱਲੀਆਂ ਗੋਲੀਆਂ ਤਲਵਾਰਾਂ ਦੇ ਹਮਲੇ ਦੌਰਾਨ ਕੁਝ ਵਿਅਕਤੀ ਜ਼ਖਮੀ ਹੋ ਗਏ ਸਨ।ਪੁਲਸ ਜ਼ਿਲ੍ਹਾ ਖੰਨਾ ਦੇ ਥਾਣਾ ਦੋਰਾਹਾ ਵਿਖੇ ਇਸ ਸਬੰਧੀ ਮੁਕੱਦਮਾ ਨੰਬਰ 44 ਵੱਖ-ਵੱਖ ਧਰਾਵਾਂ ਅਧੀਨ ਦਰਜ ਕੀਤਾ ਗਿਆ।ਬੁੱਧਵਾਰ ਐੱਸ ਐੱਸ ਪੀ ਖੰਨਾ ਦੇ ਦਫਤਰ ਵਿਖੇ ਪੁਲਸ ਕਪਤਾਨ ਪਵਨਜੀਤ ਚੌਧਰੀ ਨੇ ਪ੍ਰੈੱਸ ਕਾਨਫਰੰਸ ਦੌਰਾਨ ਜਾਣਕਾਰੀ ਦਿੰਦਿਆਂ ਦੱਸਿਆ ਕਿ ਪੁਲਸ ਜ਼ਿਲ੍ਹਾ ਖੰਨਾ ਦੇ ਐੱਸ ਐੱਸ ਪੀ ਡਾਕਟਰ ਜੋਤੀ ਯਾਦਵ ਬੈਂਸ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਮਾੜੇ ਅਨਸਰਾਂ ਨੂੰ ਕਾਬੂ ਕਰਨ ਲਈ ਤੇ ਅਮਨ ਸ਼ਾਂਤੀ ਬਣਾਈ ਰੱਖਣ ਲਈ ਵਿਸ਼ੇਸ਼ ਮੁਹਿੰਮ ਚਲਾਈ ਗਈ ਹੈ।ਇਸ ਮੁਹਿੰਮ ਅਧੀਨ ਪਵਨਜੀਤ ਚੌਧਰੀ ਐੱਸ ਪੀ (ਆਈ), ਡੀ ਐੱਸ ਪੀ ਪਾਇਲ ਹੇਮੰਤ ਮਲਹੋਤਰਾ, ਡੀ ਐੱਸ ਪੀ (ਡੀ) ਮੋਹਿਤ ਸਿੰਗਲਾ, ਇੰਚਾਰਜ ਸੀ ਆਈ ਏ ਸਟਾਫ ਇੰਸਪੈਕਟਰ ਹਰਦੀਪ ਸਿੰਘ ਤੇ ਮੁੱਖ ਅਫਸਰ ਥਾਣਾ ਦੋਰਾਹਾ ਵੱਲੋਂ ਸਾਂਝੇ ਤੌਰ 'ਤੇ ਕਾਰਵਾਈ ਕਰਦੇ ਹੋਏ ਲੜਾਈ ਝਗੜਾ ਕਰਨ ਵਾਲੇ 11 ਵਿਅਕਤੀਆਂ ਨੂੰ ਕਾਬੂ ਕੀਤਾ ਗਿਆ।ਐੱਸ ਪੀ (ਆਈ) ਪਵਨਜੀਤ ਚੌਧਰੀ ਨੇ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਦੱਸਿਆ ਕਿ ਬਲਜੀਤ ਸਿੰਘ ਪੁੱਤਰ ਸੁਖਦੇਵ ਸਿੰਘ ਵਾਸੀ ਪਿੰਡ ਚਣਕੋਈਆਂ ਖੁਰਦ ਥਾਣਾ ਦੋਰਾਹਾ ਦੇ ਮੁੱਖ ਅਫਸਰ ਨੂੰ ਬਿਆਨ ਲਿਖਾਇਆ ਕਿ ਉਨ੍ਹਾਂ ਦਾ ਕਰੀਬ 14-15 ਕਿੱਲੇ ਜ਼ਮੀਨ ਦਾ ਰਕਬਾ ਬੇਹੱਦ ਪਿੰਡ ਚਣਕੋਈਆਂ ਖੁਰਦ ਸਬੰਧੀ ਝਗੜਾ ਚੱਲ ਰਿਹਾ ਹੈ।ਇਸ ਜ਼ਮੀਨ 'ਤੇ ਉਨ੍ਹਾਂ ਦਾ ਕਰੀਬ 20 ਸਾਲ ਤੋਂ ਕਬਜ਼ਾ ਹੈ।ਮਿਤੀ 08-04- 2025 ਦੀ ਸ਼ਾਮ ਨੂੰ ਉਹ ਆਪਣੇ ਪਰਿਵਾਰ ਸਮੇਤ ਮੈਂਬਰਾਂ ਦੇ ਨਾਲ ਆਪਣੀ ਮੋਟਰ ਤੇ ਖੇਤ ਦੀ ਪਹੀ ਵਿੱਚ ਕਣਕ ਫਸਲ ਦੀ ਰਾਖੀ ਬੈਠੇ ਸਨ ਤਾਂ ਉਸ ਵਕਤ ਬੀ ਤੋਂ 20/30 ਵਿਅਕਤੀ ਮੋਟਰਸਾਈਕਲ ਕਾਰਾਂ ਵਿੱਚ ਸਵਾਰ ਹੋ ਕੇ ਆਏ, ਜਿਨ੍ਹਾਂ ਨੇ ਆਉਂਦਿਆਂ ਹੀ ਹਵਾਈ ਫਾਇਰ ਕਰਨੇ ਸ਼ੁਰੂ ਕਰ ਦਿੱਤੇ, ਜਿਨ੍ਹਾਂ ਦੀ ਅਗਵਾਈ ਰਵੀ ਵਾਸੀ ਰਾਜਗੜ੍ਹ ਤੇ ਯਾਦਵਿੰਦਰ ਉਰਫ ਜਾਦੂ ਬਾਸੀ ਘੁਡਾਣੀ ਖੁਰਦ ਥਾਣਾ ਪਾਇਲ ਕਰ ਰਹੇ ਸਨ।ਇਨ੍ਹਾਂ ਵਿਅਕਤੀਆਂ ਨੇ ਆਉਂਦਿਆਂ ਹੀ ਹਵਾਈ ਫਾਇਰ ਕੀਤੇ ਤੇ ਜ਼ਮੀਨ ਉੱਪਰ ਕਬਜ਼ਾ ਕਰਨ ਦੀ ਕੋਸ਼ਿਸ਼ ਕੀਤੀ ਗਈ, ਮੈਨੂੰ ਤੇ ਮੇਰੇ ਪਰਿਵਾਰ ਨੂੰ ਜਾਨੋਂ ਮਾਰ ਦੀ ਦੇਣ ਦੀ ਨੀਤ ਨਾਲ ਸੱਟਾਂ ਮਾਰੀਆਂ ਗਈਆਂ, ਜਿਨ੍ਹਾਂ ਵਿੱਚ ਨਰਿੰਦਰ ਸਿੰਘ ਉਰਫ ਲੱਕੀ ਪੁੱਤਰ ਹਰਪਾਲ ਸਿੰਘ ਵਾਸੀ ਦਸ਼ਮੇਸ਼ ਨਗਰ ਦੋਰਾਹਾ, ਸਿਮਰਨਜੀਤ ਸਿੰਘ ਉਰਫ ਗੱਗੀ ਪੁੱਤਰ ਬਲਦੇਵ ਸਿੰਘ ਵਾਸੀ ਕਾਉਂਕੇ ਕਲਾਂ ਜ਼ਿਲ੍ਹਾ ਲੁਧਿਆਣਾ ਹਾਲ ਵਾਸੀ ਐੱਨ ਆਈ ਆਰ ਕਲੋਨੀ ਦੋਰਾਹਾ, ਅਰਸ਼ਦੀਪ ਸਿੰਘ ਪੁੱਤਰ ਸੁਖਵਿੰਦਰ ਸਿੰਘ ਵਾਸੀ ਕੂੰਮ ਕਲਾਂ ਜ਼ਿਲ੍ਹਾ ਲੁਧਿਆਣਾ, ਗੁਰਵਿੰਦਰ ਸਿੰਘ ਉਰਫ ਪ੍ਰਿੰਸ ਪੁੱਤਰ ਕਮਲਜੀਤ ਸਿੰਘ ਵਾਸੀ ਬੇਲਾ ਥਾਣਾ ਚਮਕੌਰ ਸਾਹਿਬ ਜ਼ਿਲ੍ਹਾ ਰੋਪੜ, ਹਰਮਨ ਸਿੰਘ ਉਰਫ ਰੋਹਿਤ ਪੁੱਤਰ ਜਗਬੀਰ ਸਿੰਘ ਵਾਸੀ ਘੁਡਾਣੀ ਕਲਾਂ, ਗੁਰਪ੍ਰੀਤ ਸਿੰਘ ਗੁਰ ਉਰਫ ਗੱਗੀ ਪੁੱਤਰ ਧਿਆਨ ਸਿੰਘ ਵਾਸੀ ਬਿਲਾਸਪੁਰ ਥਾਣਾ ਦੋਰਾਹਾ ਜ਼ਿਲ੍ਹਾ ਲੁਧਿਆਣਾ, ਸਤਪਾਲ ਸਿੰਘ ਉਰਫ ਬੰਨੀ ਪੁੱਤਰ ਗੁਰਬਖਸ਼ ਸਿੰਘ ਬਾਸੀ ਪਿੰਡ ਬਿਲਾਸਪੁਰ ਥਾਣਾ ਦੋਰਾਹਾ ਜ਼ਿਲ੍ਹਾ ਲੁਧਿਆਣਾ, ਜਸ਼ਨਦੀਪ ਸਿੰਘ ਉਰਫ ਬਿੱਲਾ ਪੁੱਤਰ ਸੁਖਵੀਰ ਸਿੰਘ ਵਾਸੀ ਪਿੰਡ ਸਿਹਾਲਾ ਥਾਣਾ ਸਮਰਾਲਾ ਜ਼ਿਲ੍ਹਾ ਲੁਧਿਆਣਾ, ਸੰਜੋਪ੍ਰੀਤ ਸਿੰਘ ਪੁੱਤਰ ਹਰਪ੍ਰੀਤ ਸਿੰਘ ਬਾਸੀ ਕੋਟਲਾ ਸੁਰਮੁੱਖ ਸਿੰਘ ਥਾਣਾ ਚਮਕੌਰ ਸਾਹਿਬ ਜ਼ਿਲ੍ਹਾ ਰੋਪੜ, ਈ ਗੁਰਚਰਨ ਸਿੰਘ ਉਰਫ ਬਿੱਲਾ ਪੁੱਤਰ ਸੁਖਬੀਰ ਸਿੰਘ ਵਾਸੀ ਸੰਗਤਪੁਰਾ ਥਾਣਾ

11 Apr Page-3.qxd 4/10/2025 10:48 PM Page 1

ਮੁੱਖ ਮੰਤਰੀ ਵੱਲੋਂ ਮਾਝਾ ਖੇਤਰ ਨੂੰ 135 ਕਰੋੜ ਰੁਪਏ ਦਾ ਤੋਹਫਾ

● ਮਿਲਕਫੈੱਡ ਦੇ ਵਿਸਤਾਰ ਪ੍ਰਾਜੈਕਟ ਦਾ ਨੀਂਹ ਪੱਥਰ ਰੱਖਿਆ

ਅੰਮ੍ਰਿਤਸਰ, (ਨਰਿੰਦਰਜੀਤ ਸਿੰਘ, ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)- ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਸਥਾਨਕ ਮਿਲਕ ਪਲਾਂਟ ਦਾ ਵਿਸਤਾਰ ਕਰਨ ਲਈ 135 ਕਰੋੜ ਰੁਪਏ ਦੀ ਲਾਗਤ ਵਾਲੇ ਪ੍ਰਾਜੈਕਟ ਦਾ ਨੀਂਹ ਪੱਥਰ ਰੱਖਿਆ। ਇਸ ਪ੍ਰਾਜੈਕਟ ਨਾਲ ਲੱਸੀ, ਦਹੀਂ ਅਤੇ ਵੱਖ-ਵੱਖ ਸੁਆਦ ਵਾਲੇ ਦੁੱਧ ਸਮੇਤ ਹੋਰ ਉਤਪਾਦ ਤਿਆਰ ਕਰਨ ਦੀ ਸਮਰੱਥਾ ਵਿੱਚ ਇਜ਼ਾਫਾ ਹੋਵੇਗਾ।ਇਸ ਪ੍ਰਾਜੈਕਟ ਦਾ ਨੀਂਹ ਪੱਥਰ ਰੱਖਣ ਤੋਂ ਬਾਅਦ ਇਕੱਠ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਅਜਿਹੇ ਸਮਾਗਮ ਕਦੇ ਵੀ ਪਿਛਲੀਆਂ ਸਰਕਾਰਾਂ ਦੌਰਾਨ ਨਹੀਂ ਦੇਖੇ ਗਏ। ਮਾਨ ਨੇ ਕਿਹਾ ਕਿ ਵੇਰਕਾ ਵੱਲੋਂ ਹੁਣ ਈ-ਕਾਮਰਸ ਪਲੇਟਫਾਰਮ ਜ਼ਰੀਏ ਵੀ ਆਪਣੇ ਉਤਪਾਦ ਵੇਚਣ ਦੀ ਸ਼ੁਰੂਆਤ ਕੀਤੀ ਗਈ ਹੈ ਤਾਂ ਕਿ ਦੁਨੀਆ ਭਰ ਵਿੱਚ ਬੈਠੇ ਲੋਕ ਆਨਲਾਈਨ ਖਰੀਦਦਾਰੀ ਰਾਹੀਂ ਮਿਆਰੀ ਉਤਪਾਦਾਂ ਦਾ ਸੁਆਦ ਲੈ ਸਕਣ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਸੂਬੇ ਦੇ ਉੱਘੇ ਖਿਡਾਰੀਆਂ ਨੂੰ ਵੇਰਕਾ ਦੇ ਬ੍ਰਾਂਡ ਅੰਬੈਸਡਰ ਵਜੋਂ ਨਾਲ ਜੋੜੇਗੀ ਤਾਂ ਜੋ ਦੁਨੀਆ ਭਰ ਵਿੱਚ ਵੇਰਕਾ ਦੇ ਉਤਪਾਦ ਪਹੁੰਚਾਏ ਜਾ ਸਕਣ। ਇਸ ਦੌਰਾਨ ਮੁੱਖ ਮੰਤਰੀ ਨੇ ਕਿਹਾ ਕਿ ਇਹ ਪ੍ਰਾਜੈਕਟ ਨਾ ਸਿਰਫ਼ ਮਿਲਕਫੈੱਡ ਦੀ ਉਤਪਾਦਨ ਸਮਰੱਥਾ ਨੂੰ ਵਧਾਏਗਾ ਸਗੋਂ ਖੇਤਰ ਵਿੱਚ ਡੇਅਰੀ ਉਦਯੋਗ ਦੇ ਵਿਕਾਸ ਵਿੱਚ ਵੀ ਯੋਗਦਾਨ ਪਾਵੇਗਾ ਅਤੇ ਮਿਲਕ ਯੂਨੀਅਨ ਅੰਮ੍ਰਿਤਸਰ ਨਾਲ ਜੁੜੇ ਡੇਅਰੀ ਕਿਸਾਨਾਂ ਨੂੰ ਲਾਹੇਵੰਦ ਕੀਮਤਾਂ ਪ੍ਰਦਾਨ ਕਰੇਗਾ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਨੇ ਮੁਲਾਜ਼ਮਾਂ ਲਈ ਨਵੇਂ ਸੇਵਾ ਨਿਯਮਾਂ ਦਾ ਖਰੜਾ ਤਿਆਰ ਕੀਤਾ ਹੈ, ਜੋ ਕਿ ਮਿਲਕਫੈੱਡ ਮੁਲਾਜ਼ਮਾਂ ਲਈ ਮੀਲ ਪੱਥਰ ਸਾਬਤ ਹੋਵੇਗਾ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਨ੍ਹਾਂ ਨਿਯਮਾਂ ਨਾਲ ਰੈਗੂਲਰ ਮੁਲਾਜ਼ਮਾਂ ਨੂੰ ਸਰਕਾਰੀ ਕਰਮਚਾਰੀਆਂ ਦੇ ਬਰਾਬਰ ਤਨਖਾਹ ਮਿਲਿਆ ਕਰੇਗੀ। ਇਸ ਤੋਂ ਇਲਾਵਾ ਚੰਗੀ ਕਾਰਗੁਜ਼ਾਰੀ ਲਈ ਮੁਲਾਜ਼ਮਾਂ ਨੂੰ ਉਤਸ਼ਾਹਤ ਕਰਨ ਲਈ ਕਾਰਗੁਜ਼ਾਰੀ ਅਧਾਰਤ ਰਿਆਇਤਾਂ ਵੀ ਮਿਲਣਗੀਆਂ।ਮੁੱਖ ਮੰਤਰੀ ਨੇ ਕਿਹਾ ਕਿ ਇਸ ਨਾਲ 1200 ਕਰਮਚਾਰੀਆਂ ਦੀ ਨਵੀਂ ਭਰਤੀ ਲਈ ਵੀ ਰਾਹ ਖੁੱਲ੍ਹੇਗਾ। ਉਨ੍ਹਾਂ ਕਿਹਾ ਕਿ ਇਹ ਬਹੁਤ ਮਾਣ ਅਤੇ ਤਸੱਲੀ ਵਾਲੀ ਗੱਲ ਹੈ ਕਿ ਮਿਲਕਫੈੱਡ ਰਬੜੀ ਅਤੇ ਕਾਜੂ ਬਦਾਮ ਦੁੱਧ ਸਮੇਤ ਨਵੇਂ ਉਤਪਾਦ ਲਾਂਚ ਕਰ ਰਿਹਾ ਹੈ। ਮੁੱਖ ਮੰਤਰੀ ਨੇ ਕਿਹਾ ਕਿ ਮਿਲਕਫੈੱਡ ਦਾ ਨਵਾਂ ਮੈਸਕਟ- 'ਵੀਰਾ' ਵੀ ਲਾਂਚ ਕੀਤਾ ਗਿਆ ਹੈ ਜੋ ਬ੍ਰਾਂਡ ਅੰਬੈਸਡਰ ਵਜੋਂ ਵਿਚਰੇਗਾ ਅਤੇ ਇਸ ਨਾਲ ਵੇਰਕਾ ਦੀ ਆਪਣੇ ਗਾਹਕਾਂ ਨਾਲ ਸਾਂਝ ਹੋਰ ਗੂੜ੍ਹੀ ਹੋਵੇਗੀ। ਮਾਨ ਨੇ ਕਿਹਾ ਕਿ ਇਸ ਸਮੇਂ 'ਮਿਲਕਫੈੱਡ ਪੰਜਾਬ', ਭਾਰਤ ਦਾ ਸੱਤਵਾਂ ਸਭ ਤੋਂ ਵੱਡਾ ਦੁੱਧ ਸਹਿਕਾਰੀ ਅਦਾਰਾ ਹੈ ਜਿਸ ਦਾ ਸਾਲਾਨਾ ਕਾਰੋਬਾਰ 6000 ਕਰੋੜ ਰੁਪਏ ਤੋਂ ਵੱਧ ਹੈ।ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਡੇਅਰੀ ਕਿਸਾਨਾਂ ਦੀ ਮਦਦ ਲਈ ਵੱਧ ਖ਼ਰੀਦ ਕੀਮਤਾਂ ਦੇਣ ਵਾਸਤੇ ਬਜਟ ਸਹਾਇਤਾ ਵਜੋਂ 100 ਕਰੋੜ ਰੁਪਏ ਦਿੱਤੇ ਹਨ। ਉਨ੍ਹਾਂ ਕਿਹਾ ਕਿ ਮਿਲਕਫੈੱਡ ਸਮੇਂ-ਸਮੇਂ 'ਤੇ ਨਵੇਂ ਦੁੱਧ ਉਤਪਾਦ ਲਾਂਚ ਕਰ ਰਿਹਾ ਹੈ, ਜਿਨ੍ਹਾਂ ਨੂੰ ਭਰਵਾਂ ਹੁੰਗਾਰਾ ਮਿਲ ਰਿਹਾ ਹੈ।ਭਗਵੰਤ ਸਿੰਘ ਮਾਨ ਨੇ ਕਿਹਾ ਕਿ ਹਮੇਸ਼ਾ ਸੱਤਾ ਲਈ ਲੜਦੇ ਰਹਿਣ ਵਾਲੇ ਮੌਕਾਪ੍ਰਸਤ ਅਤੇ ਲਾਲਚੀ ਆਗੂਆਂ ਤੋਂ ਸੂਬੇ ਲਈ ਕੁਝ ਵੀ ਵਧੀਆ ਦੀ ਉਮੀਦ ਨਹੀਂ ਰੱਖੀ ਜਾ ਸਕਦੀ।

ਝੋਨੇ ਦੀਆਂ ਹਾਈਬ੍ਰਿਡ ਕਿਸਮਾਂ ਤੇ ਪੂਸਾ 44 ਦੀ ਲਵਾਈ ਨਾ ਕੀਤੀ ਜਾਵੇ : ਮੁੱਖ ਖ਼ੇਤੀਬਾੜੀ ਅਫ਼ਸਰ

ਧਾਰੀਵਾਲ/ਗੁਰਦਾਸਪੁਰ (ਮਨਦੀਪ ਸਿੰਘ ਵਿੱਕੀ)- ਪੰਜਾਬ ਸਰਕਾਰ ਵਲੋਂ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਦੀ ਸਿਫਾਰਸ਼ 'ਤੇ ਝੋਨੇ ਦੀਆਂ ਲੰਮਾ ਸਮਾਂ ਲੈਣ ਵਾਲੀ ਕਿਸਮ ਪੂਸਾ 44 ਅਤੇ ਹਾਈਬ੍ਰਿਡ ਕਿਸਮਾਂ ਦੀ ਵਿਕਰੀ ਅਤੇ ਭੰਡਾਰਨ 'ਤੇ ਲਗਾਈ ਪਾਬੰਦੀ ਨੂੰ ਲਾਗੂ ਕਰਵਾਉਣ ਲਈ ਗੁਰਦਾਸਪੁਰ ਸ਼ਹਿਰ ਦੇ ਬੀਜ ਵਿਕਰੇਤਾਵਾਂ ਦੀ ਮੁੱਖ ਖੇਤੀਬਾੜੀ ਅਫ਼ਸਰ ਡਾਕਟਰ ਅਮਰੀਕ ਸਿੰਘ ਵਲੋਂ ਅਚਨਚੇਤ ਚੈਕਿੰਗ ਕੀਤੀ ਗਈ ।ਇਸ ਮੌਕੇ ਉਨ੍ਹਾਂ ਦੇ ਨਾਲ ਡਾਕਟਰ ਮਨਪ੍ਰੀਤ ਸਿੰਘ ਖ਼ੇਤੀਬਾੜੀ ਅਫ਼ਸਰ ਹਾਜ਼ਰ ਸਨ ।ਕਾਹਨੂੰਵਾਨ ਚੌਕ ਵਿਚ ਸਥਿਤ ਤੁੰਗ ਖੇਤੀ ਸਟੋਰ 'ਤੇ ਗੱਲਬਾਤ ਕਰਦਿਆਂ ਡਾ. ਅਮਰੀਕ ਸਿੰਘ ਨੇ ਕਿਹਾ ਕਿ ਪੰਜਾਬ ਵਿੱਚ ਜ਼ਮੀਨ ਹੇਠਲੇ ਪਾਣੀ ਦੇ ਪੱਧਰ ਨੂੰ ਹੋਰ ਨੀਵਾਂ ਜਾਣ ਤੋਂ ਰੋਕਣ ਲਈ ਪੰਜਾਬ ਸਰਕਾਰ ਵਲੋਂ ਪੱਕਣ ਵਿਚ ਵੱਧ ਸਮਾਂ ਲੈਣ ਵਾਲੀ ਪੂਸਾ 44 ਅਤੇ ਹਾਈਬ੍ਰਿਡ ਕਿਸਮਾਂ ਦੀ ਬਿਜਾਈ ਕਰਨ 'ਤੇ ਲਗਾਈ ਪਾਬੰਦੀ ਕਾਰਨ ਕੋਈ ਵੀ ਬੀਜ ਵਿਕ੍ਰੇਤਾ ਗੈਰ ਪ੍ਰਮਾਣਤ ਕਿਸਮਾਂ ਦੇ ਬੀਜ ਦੀ ਵਿਕਰੀ ਨਾ ਕਰਨ, ਜੇਕਰ ਕੋਈ ਵੀ ਬੀਜ ਵਿਕਰੇਤਾ ਪਾਬੰਦੀਸ਼ੁਦਾ ਕਿਸਮਾਂ ਦੀ ਵਿਕਰੀ ਕਰਦਾ ਪਾਇਆ ਗਿਆ ਤਾਂ ਉਸ ਖਿਲਾਫ ਸਖਤ ਕਾਨੂੰਨੀ ਕਰਵਾਈ ਕੀਤੀ ਜਾਵੇਗੀ। ਉਨਾਂ ਕਿਹਾ ਕਿ ਝੋਨੇ ਦੀ ਖੇਤੀ ਕਰਨ ਜ਼ਮੀਨ ਹੇਠਲੇ ਪਾਣੀ ਦੇ ਪੱਧਰ ਵਿਚ ਲਗਾਤਾਰ ਗਿਰਾਵਟ ਆ ਰਹੀ ਹੈ ਅਤੇ ਇਸ ਗਿਰਾਵਟ ਨੂੰ ਰੋਕਣ ਲਈ ਪੰਜਾਬ ਸਰਕਾਰ ਵਲੋਂ ਪੱਕਣ ਵਿਚ ਲੰਮਾ ਸਮਾਂ ਲੈਣ ਵਾਲੀਆਂ ਕਿਸਮਾਂ ਜਿਵੇਂ ਪੂਸਾ 44 ਕਿਸਮਾਂ ਦੀ ਬਿਜਾਈ ਕਰਨ 'ਤੇ ਪਾਬੰਦੀ ਲਗਾ ਦਿੱਤੀ ਹੈ । ਉਨਾਂ ਦੱਸਿਆ ਕਿ ਇਨਾਂ ਕਿਸਮਾਂ ਤੋਂ ਇਲਾਵਾ ਝੋਨੇ ਦੀਆਂ ਦੋਗਲੀਆਂ ਕਿਸਮਾਂ ਦੀ ਬਿਜਾਈ 'ਤੇ ਵੀ ਪਾਬੰਦੀ ਲਗਾਈ ਗਈ ਹੈ ਤਾਂ ਜੋ ਕਿਸਾਨਾਂ ਨੂੰ ਮੰਡੀਕਰਨ ਸਮੇਂ ਕਿਸੇ ਕਿਸਮ ਦੀ ਸਮੱਸਿਆ ਦਾ ਸਾਹਮਣਾ ਨਾ ਕਰਨਾ ਪਵੇ। ਉਨ੍ਹਾਂ ਕਿਹਾ ਕਿ ਇਨ੍ਹਾਂ ਪਾਬੰਦੀਸ਼ੁਦਾ ਕਿਸਮਾਂ ਦੀ ਵਿਕਰੀ ਰੋਕਣ ਲਈ ਜ਼ਿਲ੍ਹਾ ਪੱਧਰ ਅਤੇ ਬਲਾਕ ਪੱਧਰ 'ਤੇ ਟੀਮਾਂ ਬਣਾ ਦਿੱਤੀਆਂ ਗਈਆਂ ਹਨ।ਉਨਾਂ ਕਿਹਾ ਕਿ ਚੈਕਿੰਗ ਦੌਰਾਨ ਇਹ ਯਕੀਨੀ ਬਣਾਇਆ ਜਾਵੇਗਾ ਕਿ ਕੋਈ ਵੀ ਦੁਕਾਨਦਾਰ ਪਾਬੰਦੀਸ਼ੁਦਾ ਕਿਸਮਾਂ ਦੀ ਵਿਕਰੀ ਨਾਂ ਕਰੇ ਅਤੇ ਕਿਸਾਨਾਂ ਨੂੰ ਬੀਜ ਦੀ ਵਿਕਰੀ ਉਪਰੰਤ ਬਿੱਲ ਜ਼ਰੂਰ ਦੇਵੇ।ਉਨਾਂ ਕਿਹਾ ਕਿ ਕਿਸਾਨਾਂ ਨੂੰ ਵੀ ਚਾਹੀਦਾ ਹੈ ਕਿ ਬੀਜ ਦੀ ਖ਼ਰੀਦ ਕਰਨ ਸਮੇਂ ਬਿੱਲ ਜ਼ਰੂਰ ਲੈਣ ਅਤੇ ਜੇਕਰ ਕੋਈ ਡੀਲਰ ਬਿੱਲ ਨਹੀਂ ਦਿੰਦਾ ਤਾਂ ਲਿਖਤੀ ਰੂਪ ਵਿਚ ਦੱਸਿਆ ਜਾਵੇ।ਇਸ ਵਾਰ ਪੰਜਾਬ ਅੰਦਰ ਉਨਾਂ ਕਿਹਾ ਕਿ ਝੋਨੇ ਦੀ ਲਵਾਈ ਦਾ ਸਮਾ 1 ਜੂਨ ਤੋ ਸ਼ੁਰੂ ਕੀਤਾ ਜਾ ਰਿਹਾ ਹੈ ਜੋ ਕਿ ਪੰਜਾਬ ਵਿੱਚ ਚਾਰ ਪੜਾਵਾਂ ਅੰਦਰ ਪੂਰਾ ਹੋਵੇਗਾ। ਉਨਾਂ ਦੱਸਿਆ ਕਿ ਕਿਸਾਨਾਂ ਨੂੰ ਪੰਜਾਬ ਯੂਨੀਵਰਸਿਟੀ ਲੁਧਿਆਣਾ ਅਤੇ ਖੇਤੀਬਾੜੀ ਵਿਭਾਗ ਵਲੋਂ ਪ੍ਰਵਾਨਿਤ ਪੀ ਆਰ 126, 127,128, 129, 130,131 ਅਤੇ 132 ਕਿਸਮਾਂ ਦੀ ਬਿਜਾਈ ਕਰਨ ਲਈ ਜਾਗਰੂਕ ਕੀਤਾ ਜਾ ਰਿਹਾ ਹੈ। ਇਸ ਮੌਕੇ ਡਾ. ਮਨਪ੍ਰੀਤ ਸਿੰਘ ਨੇ ਦੱਸਿਆ ਕਿ ਅਣਅਧਿਕਾਰਤ ਕਿਸਮਾਂ ਦੀ ਵਿਕਰੀ ਰੋਕਣ ਲਈ ਸਮੂਹ ਖੇਤੀਬਾੜੀ ਅਫਸਰਾਂ ਨੂੰ ਹਦਾਇਤਾਂ ਜਾਰੀ ਕਰ ਦਿੱਤੀਆਂ ਹਨ ਕਿ ਪੂਸਾ 44 ਸਮੇਤ ਹਾਈਬ੍ਰਿਡ ਬੀਜਾਂ ਦੀ ਵਿਕਰੀ ਨਾ ਹੋਣ ਦਿੱਤੀ ਜਾਵੇ।

ਖੇਮਕਰਨ ਦੇ ਸਕੂਲਾਂ 'ਚ ਬੈਂਸ ਵੱਲੋਂ ਵਿਕਾਸ ਕਾਰਜਾਂ ਦਾ ਉਦਘਾਟਨ

ਭਿੱਖੀਵਿੰਡ/ਖਾਲੜਾ (ਲਖਵਿੰਦਰ ਸਿੰਘ ਗੋਲਣ/ਰਣਬੀਰ ਸਿੰਘ ਗੋਲਣ) ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ ਹਲਕਾ ਖੇਮਕਰਨ ਦੇ ਸਕੂਲਾਂ ਵਿੱਚ ਪਹੁੰਚ ਕੇ ਸਿੱਖਿਆ ਕ੍ਰਾਂਤੀ ਮੁਹਿੰਮ ਤਹਿਤ 34 ਕਰੋੜ ਰੁਪਏ ਦੇ ਵਿਕਾਸ ਕਾਰਜਾਂ ਦਾ ਉਦਘਾਟਨ ਕੀਤਾ।ਇਸ ਮੌਕੇ ਬੈਂਸ ਵਿਦਿਆਰਥੀਆਂ ਨਾਲ ਗੱਲਬਾਤ ਕਰਦੇ ਨਜ਼ਰ ਆਏ।ਵੱਖ-ਵੱਖ ਸਕੂਲਾਂ ਵਿੱਚ ਹਾਜ਼ਰ ਅਧਿਆਪਕਾਂ, ਸਰਪੰਚਾਂ, ਪੰਚਾਂ, ਐੱਸ ਐੱਮ ਸੀ ਮੈਂਬਰਾਂ ਤੇ ਮਾਪਿਆਂ ਨੂੰ ਸੰਬੋਧਿਤ ਹੁੰਦਿਆਂ ਹਰਜੋਤ ਸਿੰਘ ਬੈਂਸ ਨੇ ਕਿਹਾ ਕਿ ਵਿਦਿਆਰਥੀਆਂ ਦੀ ਪੜ੍ਹਾਈ ਨੂੰ ਧਿਆਨ ਵਿੱਚ ਰੱਖਦਿਆਂ ਹੋਇਆਂ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਨਵੇਂ ਅਧਿਆਪਕਾਂ ਨੂੰ ਭਰਤੀ ਕਰਕੇ ਸਕੂਲਾਂ ਵਿੱਚ ਭੇਜਿਆ ਜਾ ਰਿਹਾ ਹੈ।ਇਸ ਮੌਕੇ ਹਲਕਾ ਵਿਧਾਇਕ ਸਰਵਨ ਸਿੰਘ ਧੁੰਨ ਵੱਲੋਂ ਹਲਕੇ ਦੇ ਸਕੂਲਾਂ 'ਚ ਵਿਕਾਸ ਕਾਰਜ ਕਰਵਾਉਣ 'ਤੇ ਹਰਜੋਤ ਸਿੰਘ ਬੈਂਸ ਦਾ ਧੰਨਵਾਦ ਕੀਤਾ।ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਸਿੱਖਿਆ ਕ੍ਰਾਂਤੀ ਮੁਹਿੰਮ ਤਹਿਤ ਸਰਕਾਰੀ ਸਕੂਲਾਂ ਦੇ ਬੁਨਿਆਦੀ ਢਾਂਚੇ ਦਾ ਵਿਕਾਸ ਪਹਿਲ ਦੇ ਆਧਾਰ 'ਤੇ ਕਰਵਾਇਆ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਹਲਕਾ ਖੇਮਕਰਨ ਦੇ ਸਰਕਾਰੀ ਸਕੂਲਾਂ ਚ ਵਿਕਾਸ ਕਾਰਜਾਂ ਲਈ 34 ਕਰੋੜ ਰੁਪਏ ਦੀ ਰਾਸ਼ੀ ਖਰਚ ਕੀਤੀ ਗਈ ਹੈ। ਇਸ ਮੌਕੇ ਸਰਕਾਰੀ ਸਕੂਲਾਂ ਵਿੱਚ ਪ੍ਰਿੰਸੀਪਲਾਂ ਦੀ ਕਮੀ ਬਾਰੇ ਪੱਤਰਕਾਰਾਂ ਵੱਲੋਂ ਪੁੱਛੇ ਸਵਾਲ ਦਾ ਜਵਾਬ ਦਿੰਦਿਆਂ ਬੈਂਸ ਨੇ ਕਿਹਾ ਕਿ ਪ੍ਰਿੰਸੀਪਲਾਂ ਦੀ ਕਮੀ ਦਾ ਕਾਰਨ ਅਦਾਲਤੀ ਸਟੇਅ ਹੈ। ਉਨ੍ਹਾਂ ਦੱਸਿਆ ਕਿ ਸਰਕਾਰ ਵੱਲੋਂ ਇਸ ਕੇਸ ਨੂੰ ਨਿਪਟਾਉਣ ਲਈ ਹਰ ਸੰਭਵ ਕੋਸ਼ਿਸ਼ ਕੀਤੀ ਜਾ ਰਹੀ ਹੈ।

70 ਸਾਲਾਂ ਬਾਅਦ ਪੰਜਾਬ ਦੇ ਸਰਕਾਰੀ ਸਕੂਲਾਂ 'ਚ ਆਈ ਸਿੱਖਿਆ ਕ੍ਰਾਂਤੀ : ਈ ਟੀ ਓ

ਜੰਡਿਆਲਾ ਗੁਰੂ (ਹਰਿੰਦਰ ਪਾਲ ਸਿੰਘ)- ਦੇਸ਼ ਦੀ ਆਜ਼ਾਦੀ ਦੇ 70 ਸਾਲ ਬਾਅਦ ਪੰਜਾਬ ਦੇ ਸਰਕਾਰੀ ਸਕੂਲਾਂ ਦੇ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨ ਦਾ ਕੰਮ ਆਮ ਆਦਮੀ ਪਾਰਟੀ ਦੀ ਸਰਕਾਰ ਜੋ ਕਿ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਦੇ ਹਿੱਸੇ ਆਇਆ ਹੈ, ਜਿਸ ਤਹਿਤ ਸਕੂਲਾਂ ਵਿਚ ਸਮਰਾਟ ਕਲਾਸ ਰੂਮ, ਆਧੁਨਿਕ ਪ੍ਰੈਕਟੀਕਲ ਲੈਬ, ਖੇਡ ਮੈਦਾਨ, ਸੂਚਨਾ ਤਕਨਾਲੋਜੀ ਦੀ ਵਰਤੋਂ ਕਰਕੇ ਸਕੂਲਾਂ ਦੇ ਬੱਚਿਆਂ ਨੂੰ ਸਮੇ ਦੇ ਹਾਣੀ ਬਣਾਇਆ ਜਾ ਰਿਹਾ ਹੈ।ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਕੈਬਿਨਟ ਮੰਤਰੀ ਹਰਭਜਨ ਸਿੰਘ ਈ.ਟੀ.ਓ ਨੇ ਅੱਜ ਸਿੱਖਿਆ ਕ੍ਰਾਂਤੀ ਤਹਿਤ ਜੰਡਿਆਲਾ ਵਿਧਾਨ ਸਭਾ ਹਲਕੇ ਅੰਦਰ 7 ਵੱਖ ਵੱਖ ਸਕੂਲਾਂ ਦੀ ਬਿਲਡਿੰਗਾਂ ਦਾ ਉਦਘਾਟਨ ਕਰਦਿਆਂ ਕੀਤਾ। ਉਨਾਂ ਦੱਸਿਆ ਕਿ 20.13 ਲੱਖ ਰੁਪਏ ਦੀ ਲਾਗਤ ਨਾਲ ਸਰਕਾਰੀ ਐਲੀਮੈਂਟਰੀ ਸਕੂਲ ਧੀਰੇਕੋਟ ਵਿਖੇ ਚਾਰਦੀਵਾਰੀ, ਆਂਗਣਵਾੜੀ ਕਮਰਾ ਅਤੇ ਨਵੇਂ ਕਮਰੇ ਦੀ ਉਸਾਰੀ, 2.70 ਲੱਖ ਰੁਪਏ ਦੀ ਲਾਗਤ ਨਾਲ ਸਰਕਾਰੀ ਮਿਡਲ ਸਕੂਲ ਧੀਰੇਕੋਟ ਵਿਖੇ ਚਾਰਦੀਵਾਰੀ ਅਤੇ ਨਵੇਂ ਬਾਥਰੂਮ, 12.37 ਲੱਖ ਰੁਪਏ ਦੀ ਲਾਗਤ ਨਾਲ ਸਰਕਾਰੀ ਐਲੀਮੈਂਟਰੀ ਸਕੂਲ ਗਹਿਰੀ ਵਿਖੇ ਨਵੇਂ ਕਲਾਸ ਰੂਮ ਅਤੇ ਬਾਥਰੂਮ, 20.63 ਲੱਖ ਰੁਪਏ ਦੀ ਲਾਗਤ ਨਾਲ ਸਰਕਾਰੀ ਐਲੀਮੈਂਟਰੀ ਸਕੂਲ ਭੰਗਵਾਂ ਵਿਖੇ ਚਾਰਦੀਵਾਰੀ, ਆਂਗਣਵਾੜੀ ਕਮਰਾ, ਆਰ ਓ ਸਿਸਟਮ ਅਤੇ ਨਵੇਂ ਕਮਰੇ ਦੀ ਉਸਾਰੀ, 2.36 ਲੱਖ ਰੁਪਏ ਦੀ ਲਾਗਤ ਨਾਲ ਸਰਕਾਰੀ ਮਿਡਲ ਸਕੂਲ ਭੰਗਵਾਂ ਵਿਖੇ ਛੱਤਾਂ ਦੀ ਰਿਪੇਅਰ, 48.62 ਲੱਖ ਰੁਪਏ ਦੀ ਲਾਗਤ ਨਾਲ ਸਰਕਾਰੀ ਹਾਈ ਸਕੂਲ ਟਾਂਗਰਾ ਵਿਖੇ ਚਾਰਦੀਵਾਰੀ, ਨਵੇਂ ਕਮਰੇ ਦੀ ਉਸਾਰੀ, ਲਾਇਬਰੇਰੀ, ਆਰਟ ਐਂਡ ਕਰਾਫਟ ਰੂਮ ਅਤੇ ਇੰਟਰਲਾਕਿੰਗ ਟਾਈਲਜ਼, 47.20 ਲੱਖ ਰੁਪਏ ਦੀ ਲਾਗਤ ਨਾਲ ਸਰਕਾਰੀ ਐਲੀਮੈਂਟਰੀ ਸਕੂਲ ਟਾਂਗਰਾ ਵਿਖੇ ਸਾਫ ਪਾਣੀ, ਟਾਇਲਟ, ਨਵੇਂ ਕਮਰੇ ਦੀ ਉਸਾਰੀ ਕੀਤੀ ਜਾਵੇਗੀ। ਉਨਾਂ ਕਿਹਾ ਕਿ ਸਿੱਖਿਆ ਕ੍ਰਾਂਤੀ ਸਿਰਫ ਸ਼ਹਿਰੀ ਨਹੀ ਸਗੋਂ ਸਰਹੱਦੀ ਖੇਤਰਾਂ ਦੇ ਸਕੂਲਾਂ ਨੂੰ ਵੀ ਵਧੀਆਂ ਢਾਂਚਾ ਮੁਹੱਈਆ ਕਰਵਾਇਆ ਜਾ ਰਿਹਾ ਹੈ,ਜਿਸ ਵਿਚ ਸਕੂਲਾਂ ਦੀ ਲੋੜ ਅਨੁਸਾਰ ਸਮਰਾਟ ਕਲਾਸ ਰੂਮ,ਇੰਟਰਨੈਟ ਸੁਵਿਧਾ,ਸਾਫ ਸੁਥਰੇ ਬਾਥਰੂਮ, ਕਲਾਸਾਂ ਵਿਚ ਵਧੀਆਂ ਫਰਨੀਚਰ ਅਤੇ ਖੇਡ ਮੈਦਾਨ ਵੀ ਤਿਆਰ ਕੀਤੇ ਜਾ ਰਹੇ ਹਨ। ਈ.ਟੀ.ਓ ਨੇ ਵਿਰੋਧੀ ਪਾਰਟੀਆਂ 'ਤੇ ਤੰਜ਼ ਕੱਸਦਿਆਂ ਕਿਹਾ ਕਿ ਜੇਕਰ ਪਿਛਲੀਆਂ ਸਰਕਾਰਾਂ ਨੇ ਸਕੂਲਾਂ ਵੱਲ ਧਿਆਨ ਦਿੱਤਾ ਹੁੰਦਾ ਤਾਂ ਮੌਜੂਦਾ ਸਰਕਾਰ ਨੂੰ ਬੁਨਿਆਦੀ ਢਾਂਚੇ ਨੂੰ ਤਿਆਰ ਕਰਨ ਦੀ ਬਜਾਏ ਸਕੂਲਾਂ ਦੇ ਹੋਰ ਆਧੁਨਿਕਕਰਨ ਦਾ ਕੰਮ ਕੀਤਾ ਜਾ ਸਕਦਾ ਸੀ।ਇਸ ਮੌਕੇ ਜ਼ਿਲਾ ਸਿੱਖਿਆ ਅਫਸਰ ਐਲੀਮੈਂਟਰੀ ਕੰਵਲਜੀਤ ਸਿੰਘ, ਜ਼ਿਲ੍ਹਾ ਸਿੱਖਿਆ ਅਫਸਰ ਸੈਕੰਡਰੀ ਹਰਭੰਗਵੰਤ ਸਿੰਘ, ਡਿਪਟੀ ਡੀਈਓ ਅੰਜੂ ਬਾਲਾ, ਚੇਅਰਮੈਨ ਗੁਰਬਿੰਦਰ ਸਿੰਘ, ਚੇਅਰਮੈਨ ਸ਼ਨਾਥ ਸਿੰਘ ਅਤੇ ਵੱਡੀ ਗਿਣਤੀ ਵਿਚ ਪਿੰਡਾਂ ਦੇ ਸਰਪੰਚ-ਪੰਚ ਸਮੇਤ ਸਕੂਲੀ ਬੱਚਿਆਂ ਤੋ ਇਲਾਵਾ ਉਨ੍ਹਾਂ ਦੇ ਮਾਪੇ ਵੀ ਹਾਜ਼ਰ ਸਨ।

ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਚਵਿੰਡਾ ਦੇਵੀ ਵਿਖੇ ਵਿਕਾਸ ਕਾਰਜਾਂ

ਨਵਾਂ ਜ਼ਮਾਨਾ
ਸ਼ੁੱਕਰਵਾਰ, 11 ਅਪ੍ਰੈਲ 2025

ਲੱਕ ਦੂਹਰਾ

ਨਾ ਸਿਰਫ ਵੱਧ ਤੋਂ ਵੱਧ ਪਰਵਾਰ ਕਰਜ਼ਾ ਚੁੱਕ ਰਹੇ ਹਨ, ਸਗੋਂ ਪਹਿਲਾਂ ਨਾਲੋਂ ਕਿਤੇ ਵੱਧ ਕਰਜ਼ਾ ਲੈ ਰਹੇ ਹਨ ਅਤੇ ਕਰਜ਼ ਨਾ ਚੁਕਾਉਣ ਵਾਲਿਆਂ ਦੀ ਗਿਣਤੀ ਵੀ ਵਧਦੀ ਜਾ ਰਹੀ ਹੈ। ਭਾਰਤੀ ਰਿਜ਼ਰਵ ਬੈਂਕ ਨੇ ਦੱਸਿਆ ਹੈ ਕਿ 50 ਹਜ਼ਾਰ ਰੁਪਏ ਤੋਂ ਘੱਟ ਨਿੱਜੀ ਕਰਜ਼ਾ ਲੈਣ ਵਾਲਿਆਂ ਵਿੱਚ ਲਗਭਗ ਹਰ ਦਸਵੇਂ ਬੰਦੇ ਦਾ ਕਰਜ਼ਾ ਬਚਿਆ ਹੋਇਆ ਹੈ। ਇਹੀ ਹਾਲ ਕਰੈਡਿਟ ਕਾਰਡ ਵਾਲਿਆਂ ਦਾ ਹੈ। 2023-24 ਵਿੱਚ ਭਾਰਤ 'ਚ ਕਰੈਡਿਟ ਕਾਰਡ ਡਿਫਾਲਟਰ, ਯਾਨਿ ਕਿ ਕਰੈਡਿਟ ਕਾਰਡ ਦਾ ਪੈਸਾ ਨਾ ਚੁਕਾਉਣ ਵਾਲੇ ਲੋਕ ਲਗਭਗ ਇੱਕ-ਤਿਹਾਈ ਵਧ ਗਏ। ਕਰੈਡਿਟ ਕਾਰਡ ਵਾਲਿਆਂ ਵੱਲ 6742 ਕਰੋੜ ਰੁਪਏ ਬਕਾਇਆ ਸੀ, ਜਦਕਿ 2022-23 ਦੇ ਵਿੱਤੀ ਸਾਲ 'ਚ ਇਹ ਅੰਕੜਾ 5270 ਕਰੋੜ ਰੁਪਏ ਸੀ।

2024-25 ਦੀ ਦੂਜੀ ਤਿਮਾਹੀ ਵਿੱਚ ਨਿੱਜੀ ਕਰਜ਼ ਲੈਣ ਵਾਲੇ ਲਗਭਗ 60 ਫੀਸਦੀ ਲੋਕਾਂ ਨੇ ਤਿੰਨ ਤੋਂ ਵੱਧ ਕਰਜ਼ ਚੁੱਕੇ ਹੋਏ ਸਨ। ਇਸ ਸਮੇਂ ਵਿੱਚ ਮਾਈਕਰੋ ਫਾਈਨਾਂਸ ਦਾ ਚੱਕਰ ਵੀ ਵਧਿਆ ਹੈ। ਇੱਕ ਅੰਕੜੇ ਮੁਤਾਬਕ ਸਤੰਬਰ 2024 ਵਿੱਚ ਮਾਈਕਰੋ ਫਾਈਨਾਂਸ ਤੋਂ ਕਰਜ਼ ਲੈਣ ਵਾਲਿਆਂ ਦੀ ਗਿਣਤੀ 6 ਫੀਸਦੀ ਸੀ। ਇਸ ਵਰਤਾਰੇ ਪਿੱਛੇ ਮੁੱਖ ਕਾਰਨ ਬੇਰੁਜ਼ਗਾਰੀ ਅਤੇ ਆਮਦਨ ਤੇ ਖਰਚ ਵਿਚਾਲੇ ਵਧ ਰਿਹਾ ਫਰਕ ਹੈ। ਆਮਦਨ ਵਧ ਨਹੀਂ ਰਹੀ ਅਤੇ ਚੀਜ਼ਾਂ ਮਹਿੰਗੀਆਂ ਹੁੰਦੀਆਂ ਜਾ ਰਹੀਆਂ ਹਨ। ਘਰ ਚਲਾਉਣ ਲਈ ਲੋਕ ਕਰਜ਼ੇ ਚੁੱਕਣ ਲਈ ਮਜਬੂਰ ਹਨ। ਲੋਕਾਂ ਕੋਲ ਪੈਸੇ ਨਾ ਹੋਣ ਕਾਰਨ ਨਿੱਜੀ ਖਪਤ ਦਾ ਸਮਾਨ ਬਣਾਉਣ ਵਾਲੀਆਂ ਕੰਪਨੀਆਂ ਨੂੰ ਵੀ ਨੁਕਸਾਨ ਹੋ ਰਿਹਾ ਹੈ। ਕੋਰੋਨਾ ਮਹਾਂਮਾਰੀ ਦੇ ਦੌਰ ਵਾਂਗ ਹਾਲ ਹੀ ਦੇ ਦਿਨਾਂ ਵਿੱਚ ਇੱਕ ਸ਼ਾਂਤ ਪਰ ਵੱਡਾ ਬਦਲਾਅ ਦੇਖਣ ਨੂੰ ਮਿਲ ਰਿਹਾ ਹੈ। ਕੰਪਨੀਆਂ ਆਪਣੇ ਸਮਾਨ ਦਾ ਸਾਈਜ਼ ਘਟਾ ਰਹੀਆਂ ਹਨ ਤੇ ਭਾਅ ਪਹਿਲਾਂ ਵਾਲਾ ਹੀ ਰੱਖ ਰਹੀਆਂ ਹਨ। ਇਸ ਨੂੰ 'ਸ਼੍ਰਿੰਕਫਲੇਸ਼ਨ' ਕਹਿੰਦੇ ਹਨ। ਬ੍ਰਿਟਾਨੀਆ, ਆਈ ਟੀ ਸੀ, ਪਾਰਲੇ ਤੇ ਗੋਦਰੇਜ ਨੇ ਇਹ ਤਰੀਕਾ ਅਪਣਾਇਆ ਹੈ, ਤਾਂ ਕਿ ਭਾਅ ਵਧਾਏ ਬਿਨਾਂ ਮੁਨਾਫਾ ਬਰਕਰਾਰ ਰੱਖਿਆ ਜਾ ਸਕੇ। ਚਿਪਸ, ਨੂਡਲਜ਼ ਜਾਂ ਬਿਸਕੁਟ ਖਾਣ ਵਾਲਿਆਂ ਨੇ ਨੋਟ ਕੀਤਾ ਹੋਵੇਗਾ ਕਿ ਪੈਕੇਟ ਛੋਟੇ ਹੋਏ ਹਨ। ਲੋਕ ਵਧੀ ਕੀਮਤ 'ਤੇ ਸਮਾਨ ਖਰੀਦਣ ਲਈ ਤਿਆਰ ਨਹੀਂ ਤੇ ਕੰਪਨੀਆਂ ਨੇ ਪੈਕਟ ਦੇ ਸਾਈਜ਼ ਛੋਟੇ ਕਰ ਦਿੱਤੇ ਹਨ।

ਵਧਦਾ ਕਰਜ਼ ਹੋਵੇ, ਵਧਦੇ ਕਰੈਡਿਟ ਡਿਫਾਲਟਰ ਹੋਣ ਜਾਂ ਫੂਡ ਪੈਕਟ ਦਾ ਘਟਦਾ ਆਕਾਰ ਹੋਵੇ, ਸਾਰੀਆਂ ਗੱਲਾਂ ਇੱਕ ਥਾਂ ਹੀ ਪਹੁੰਚਦੀਆਂ ਹਨ—ਆਮਦਨ ਤੇ ਖਰਚ ਵਿਚਾਲੇ ਫਰਕ। ਆਮਦਨ ਦਾ ਨਾ ਵਧਣਾ ਤੇ ਖਰਚ ਦਾ ਵਧਦੇ ਜਾਣਾ।

ਪਾਠਕ-ਸੱਥ

ਸੰਗਤ ਮੰਡੀ ਨੂੰ ਦਿਓ ਅੱਗ ਬੁਝਾਊ ਗੱਡੀ

ਪੂਰੇ ਪੰਜਾਬ ਵਿੱਚ ਹਾੜ੍ਹੀ ਦੀ ਫਸਲ ਕਣਕ ਦੀ ਕਟਾਈ ਸ਼ੁਰੂ ਹੋ ਚੁੱਕੀ ਹੈ। ਹਰ ਸਾਲ ਆਮ ਹੀ ਵੇਖਣ ਵਿੱਚ ਆਉਂਦਾ ਹੈ ਕਿ ਕਿਸੇ ਨਾ ਕਿਸੇ ਕਾਰਨ ਕਈ ਵਾਰ ਕਣਕ ਦੀ ਫਸਲ ਜਾਂ ਤੂੜੀ ਨੂੰ ਅੱਗ ਲੱਗ ਜਾਂਦੀ ਹੈ, ਜਿਸ ਕਰਕੇ ਕਿਸਾਨਾਂ/ਕਿਰਤੀਆਂ ਦਾ ਬਹੁਤ ਜ਼ਿਆਦਾ ਆਰਥਿਕ ਨੁਕਸਾਨ ਹੋ ਜਾਂਦਾ ਹੈ। ਕਈ ਵਾਰ ਤਾਂ ਅੱਗ 'ਤੇ ਕਾਬੂ ਪਾਉਂਦੇ-ਪਾਉਂਦੇ ਜਾਨੀ ਨੁਕਸਾਨ ਵੀ ਹੋ ਜਾਂਦਾ ਹੈ। ਅੱਗ 'ਤੇ ਸਮੇਂ ਸਿਰ ਕਾਬੂ ਪਾਉਣ ਲਈ ਕਈ ਵਾਰ ਅਕਸਰ ਹੀ ਅੱਗ ਬੁਝਾਊ ਗੱਡੀਆਂ ਦੂਰੋਂ ਆਉਣ ਕਰਕੇ ਗੱਡੀ ਦੇ ਪੁੱਜਣ ਤੱਕ ਕਾਫੀ ਜ਼ਿਆਦਾ ਨੁਕਸਾਨ ਹੋ ਚੁੱਕਾ ਹੁੰਦਾ ਹੈ। ਜੇਕਰ ਗੱਲ ਬਲਾਕ ਸੰਗਤ (ਬਠਿੰਡਾ) ਦੀ ਕਰੀਏ ਤਾਂ ਇਸ ਬਲਾਕ ਦੇ ਅਧੀਨ ਦਰਜਨਾਂ ਪਿੰਡ ਆਉਂਦੇ ਹਨ, ਪ੍ਰੰਤੂ ਬਲਾਕ ਪੱਧਰ 'ਤੇ ਸਰਕਾਰ ਦੀ ਤਰਫੋਂ ਅੱਗ ਬੁਝਾਉਣ ਲਈ ਗੱਡੀ ਦਾ ਕੋਈ ਪ੍ਰਬੰਧ ਨਹੀਂ । ਇਸ ਬਲਾਕ ਅਧੀਨ ਆਉਂਦੇ ਪਿੰਡਾਂ ਵਿੱਚ ਜਦੋਂ ਹਾੜ੍ਹੀ ਦੀ ਫਸਲ ਵੇਲੇ ਅੱਗ ਲੱਗਣ ਦੀ ਕੋਈ ਮੰਦਭਾਗੀ ਘਟਨਾ ਵਾਪਰਦੀ ਹੈ ਤਾਂ ਅੱਗ ਬੁਝਾਉਣ ਲਈ ਗੱਡੀ ਨੂੰ ਬਠਿੰਡਾ ਤੋਂ ਸੱਦਣਾ ਪੈਂਦਾ ਹੈ। ਦੂਰ ਤੋਂ ਗੱਡੀ ਦੇ ਆਉਣ ਕਾਰਨ ਉਸ ਵੇਲੇ ਤੱਕ ਕਾਫੀ ਜ਼ਿਆਦਾ ਨੁਕਸਾਨ ਹੋ ਚੁੱਕਾ ਹੁੰਦਾ ਹੈ। ਕਣਕ ਦੀ ਫਸਲ ਨੂੰ ਧਿਆਨ ਵਿੱਚ ਰੱਖਦੇ ਹੋਏ ਪੰਜਾਬ ਸਰਕਾਰ ਨੂੰ ਇਸ ਪਾਸੇ ਧਿਆਨ ਦਿੰਦੇ ਹੋਏ ਸੰਗਤ ਮੰਡੀ ਵਿੱਚ ਪੱਕੇ ਤੌਰ 'ਤੇ ਜਾਂ ਕਣਕ ਦੀ ਫਸਲ ਤੱਕ ਆਰਜ਼ੀ ਤੌਰ 'ਤੇ ਅੱਗ ਬੁਝਾਉਣ ਵਾਲੀ ਗੱਡੀ ਦਾ ਸੰਗਤ ਮੰਡੀ ਵਿਖੇ ਠਹਿਰਾਓ ਯਕੀਨੀ ਬਣਾਉਣਾ ਚਾਹੀਦਾ ਹੈ, ਤਾਂ ਜੋ ਕਿਸਾਨਾਂ ਦਾ ਆਰਥਿਕ ਨੁਕਸਾਨ ਹੋਣ ਤੋਂ ਸਮੇਂ ਸਿਰ ਬਚਾਇਆ ਜਾ ਸਕੇ।

-ਅੰਗਰੇਜ ਸਿੰਘ ਵਿੱਕੀ ਕੋਟ ਗੁਰੂ, 98888-70822

ਅਖਬਾਰਾਂ ਤੇ ਕਿਤਾਬਾਂ ਨਾਲ ਜੁੜਨ ਨੌਜਵਾਨ

ਵੱਡੀ ਗਿਣਤੀ ਅਜੋਕਾ ਨੌਜਵਾਨ ਵਰਗ ਅਖਬਾਰਾਂ ਅਤੇ ਕਿਤਾਬਾਂ ਪੜ੍ਹਨ ਤੋਂ ਪੂਰੀ ਤਰ੍ਹਾਂ ਕਿਨਾਰਾ ਕਰ ਚੁੱਕਾ ਹੈ। ਅੱਜਕੱਲ੍ਹ ਜ਼ਿਆਦਾਤਰ ਲੋਕ ਅਖਬਾਰਾਂ ਅਤੇ ਕਿਤਾਬਾਂ ਪੜ੍ਹਨ ਦੀ ਬਜਾਏ ਸਾਰਾ-ਸਾਰਾ ਦਿਨ ਮੋਬਾਇਲ ਉਪਰ ਸੋਸ਼ਲ ਮੀਡੀਆ ਦੀ ਹੀ ਵਰਤੋਂ ਕਰਦੇ ਰਹਿੰਦੇ ਹਨ । ਕੋਈ ਸਮਾਂ ਹੁੰਦਾ ਸੀ, ਜਦੋਂ ਲੋਕ ਚੰਗੀਆਂ ਕਿਤਾਬਾਂ ਤੇ ਨਿੱਤ ਦਿਨ ਅਖ਼ਬਾਰਾਂ ਪੜ੍ਹਦੇ ਸਨ ਤੇ ਉਹਨਾਂ ਤੋਂ ਉਸਾਰੂ ਸੇਧ ਲੈਣ ਉਪਰੰਤ ਜ਼ਿੰਦਗੀ ਵਿੱਚ ਅੱਗੇ ਵਧਦੇ ਸਨ । ਅੱਜਕੱਲ੍ਹ ਅਖਬਾਰਾਂ ਪੜ੍ਹਨ ਦਾ ਰਿਵਾਜ ਲਗਭੱਗ ਬੰਦ ਹੀ ਹੋ ਚੁੱਕਾ ਹੈ, ਜਦਕਿ ਇਨਸਾਨ ਦੀਆਂ ਸੱਚੀਆਂ ਦੋਸਤ ਸਿਰਫ਼ ਕਿਤਾਬਾਂ ਹੀ ਹੁੰਦੀਆਂ ਹਨ । ਅਖਬਾਰ ਖਰੀਦ ਕੇ ਪੜ੍ਹਨ ਨੂੰ ਅੱਜਕੱਲ੍ਹ ਲੋਕ ਫਜ਼ੂਲ-ਖ਼ਰਚੀ ਹੀ ਸਮਝਣ ਲੱਗ ਪਏ ਹਨ। ਸਿਆਣੇ ਆਖਦੇ ਹਨ ਕਿ ਜੇਕਰ ਜ਼ਿੰਦਗੀ ਵਿੱਚ ਆਪਣੇ ਸੁਪਨੇ ਪੂਰੇ ਕਰਨੇ ਹਨ, ਤਾਂ ਆਪਣੇ ਨਾਲ ਹਮੇਸ਼ਾਂ ਚੰਗੀਆਂ ਕਿਤਾਬਾਂ ਜ਼ਰੂਰ ਰੱਖਣੀਆਂ ਚਾਹੀਦੀਆਂ ਹਨ । ਸਾਨੂੰ ਸਭ ਨੂੰ ਮੋਬਾਇਲ ਦੀ ਆਦਤ ਤੋਂ ਛੁਟਕਾਰਾ ਪਾ ਕੇ ਅਖਬਾਰਾਂ ਅਤੇ ਕਿਤਾਬਾਂ ਨਾਲ ਗੂੜ੍ਹਾ ਰਿਸ਼ਤਾ ਬਣਾਉਣ ਲਈ ਲਾਇਬ੍ਰੇਰੀਆਂ ਦਾ ਰਾਹ ਅਖਤਿਆਰ ਕਰਨਾ ਚਾਹੀਦਾ ਹੈ।

-ਸਤਵੀਰ ਕੌਰ ਬੱਲੂਆਣਾ, ਪਿੰਡ + ਡਾਕ. ਬੱਲੂਆਣਾ (ਬਠਿੰਡਾ),

ਅੰਧ ਭਗਤ ਬਨਾਮ ਅੰਨ੍ਹੀ ਆਸਥਾ

ਅਖੌਤੀ ਬਾਬਾ ਰਾਮ ਰਹੀਮ ਨੂੰ ਬਲਾਤਕਾਰ ਅਤੇ ਕਤਲ ਵਿੱਚ ਸਜ਼ਾ ਹੋਈ ਹੈ, ਜੋ ਇਸ ਵੇਲੇ ਪੈਰੋਲ 'ਤੇ ਆਇਆ ਹੈ ।ਇਸੇ ਤਰਾਂ ਬਾਬਾ ਆਸਾ ਰਾਮ ਨੂੰ ਵੀ ਬਲਾਤਕਾਰ ਵਿੱਚ ਉਮਰ ਕੈਦ ਦੀ ਸਜ਼ਾ ਹੋਈ ਹੈ। ਬਾਬਾ ਰਾਮ ਰਹੀਮ ਨੂੰ ਲੋਕਾਂ ਨੂੰ ਪਤਾ ਹੋਣ ਦੇ ਬਾਵਜੂਦ ਕਿ ਉਸ 'ਤੇ ਬਲਾਤਕਾਰ ਦੇ ਸੰਗੀਨ ਜੁਰਮ 'ਚ ਜੱਜ ਨੇ ਸਬੂਤਾਂ ਦੇ ਅਧਾਰ 'ਤੇ ਸਜ਼ਾ ਦਿੱਤੀ ਹੈ, ਫਿਰ ਵੀ ਲੋਕ ਬਾਬਾ ਰਾਮ ਰਹੀਮ ਦੇ ਅੰਧ ਭਗਤ ਉਸ ਦੇ ਪੈਰੋਲ ਦੇ ਆਉਣ 'ਤੇ ਉਸ ਵੱਲੋਂ ਲਾਏ ਗਏ ਧਾਰਮਿਕ ਇਕੱਠ ਦੇ ਪ੍ਰਵਚਨ ਸੁਣਨ ਹਜ਼ਾਰਾਂ ਦੀ ਗਿਣਤੀ 'ਚ ਪਹੁੰਚਦੇ ਹਨ ।ਮਨੁੱਖੀ ਦੇਹਧਾਰੀ ਬਾਬੇ ਨੂੰ ਮੱਥਾ ਟੇਕ ਅਸ਼ੀਰਵਾਦ ਲੈਂਦੇ ਹਨ । ਇਨ੍ਹਾਂ ਲੋਕਾਂ ਦੀ ਬਦੌਲਤ ਅਨੇਕਾਂ ਡੇਰੇਵਾਦ ਹੋਂਦ 'ਚ ਆ ਰਹੇ ਹਨ ਜੋ ਇਨ੍ਹਾਂ ਡੇਰੇਵਾਦ ਨੂੰ ਬੜ੍ਹਾਵਾ ਦੇ ਰਹੇ ਹਨ ।ਇਸ ਤਰਾਂ ਲੱਗਦਾ ਹੈ ਹਰਿਆਣਾ ਸਰਕਾਰ ਬਾਬਾ ਰਾਮ ਰਹੀਮ ਤੇ ਕਾਫੀ ਮਿਹਰਬਾਨ ਹੈ ਬਾਰ ਵਾਰ ਪੈਰੋਲ ਦੇ ਰਹੀ ਹੈ । ਅਦਾਲਤ ਨੇ ਪੂਰੇ ਸਬੂਤਾਂ ਤਹਿਤ ਦੋਸ਼ੀ ਕਰਾਰ ਦਿੱਤਾ ਹੈ।ਜੋ ਬਾਬਾ ਦੇ ਭਗਤ ਅੰਨੀ ਆਸਥਾ ਰੱਖ ਰਹੇ ਹਨ ਤੇ ਬਲਾਤਕਾਰੀਆਂ ਨੂੰ ਬੜ੍ਹਾਵਾ ਦੇ ਰਹੇ ਹਨ।ਇਸ ਸੋਚ ਨੂੰ ਬਦਲ ਸਚਾਈ ਦਾ ਸਾਹਮਣਾ ਕਰ ਇਹੋ ਜਿਹੇ ਬਾਬਿਆਂ ਦਾ ਬਾਈਕਾਟ ਕਰਣਾ ਚਾਹੀਦਾ ਹੈ, ਤਾਂ ਜੋ ਭਵਿੱਖ ਵਿੱਚ ਲੋਕਾਂ ਦੀਆਂ ਧੀਆਂ-ਭੈਣਾਂ ਸੁਰੱਖਿਅਤ ਰਹਿ ਸਕਣ ।ਸ਼੍ਰੋਮਣੀ ਕਮੇਟੀ ਨੂੰ ਇਸ 'ਤੇ ਸੰਜੀਦਗੀ ਨਾਲ ਵਿਚਾਰ ਕਰ ਇਸ ਦਾ ਵਿਰੋਧ ਕਰ ਕੇਂਦਰ ਸਰਕਾਰ ਦੇ ਧਿਆਨ 'ਚ ਲਿਆਉਣਾ ਚਾਹੀਦਾ ਹੈ ।

-ਗੁਰਮੀਤ ਸਿੰਘ ਵੇਰਕਾ

ਟਰੰਪ ਦੀ ਟੈਰਿਫ ਜੰਗ ਵਿਸ਼ਵ ਨੂੰ ਆਰਥਕ ਮੰਦੀ ਵੱਲ ਧਕੇਲ ਰਹੀ

ਪਵਨ ਕੁਮਾਰ ਕੌਸ਼ਲ

ਭਾਰਤ ਵਿੱਚ ਹੁਣੇ ਹੀ ਇੱਕ ਚੋਣ ਸਾਲ ਸਮਾਪਤ ਹੋਇਆ ਹੈ, ਭਾਰਤੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੋਵਾਂ ਦਾ ਇੱਕੋ ਮੰਚ 'ਤੇ ਇਕੱਠੇ ਹੋਣਾ ਬਹੁਤ ਮਹੱਤਵਪੂਰਨ ਲਗਦਾ ਸੀ ? ਸੱਜ, ਪਿੱਛਾਖੜੀ ਨੇਤਾ ਹੋਣ ਕਰਕੇ ਡੋਨਾਲਡ ਟਰੰਪ ਨੂੰ ਵਿਸ਼ਵ ਅੰਦਰ ਇੱਕ ਗੰਭੀਰ ਮਨੋਰੋਗੀ ਨੇਤਾ ਹੋਣ ਦਾ ਮਾਣ ਵੀ ਪ੍ਰਾਪਤ ਹੈ। 'ਮੋਦੀ ਹੈ ਤੋ ਮੁਮਕਨ ਹੈ' ਦੀ ਤਰ੍ਹਾਂ ਉਹ ਕੁੱਝ ਵੀ ਕਰ ਸਕਦਾ ਹੈ। 2025 ਦੀ ਪਹਿਲੀ ਤਿਮਾਹੀ ਵਿੱਚ ਅਮਰੀਕੀ ਵਿਕਾਸ ਦਰ ਤੇਜ਼ੀ ਨਾਲ ਡਿੱਗ ਸਕਦੀ ਹੈ, ਜਿਸ ਨਾਲ 2025 ਦੀ ਮੰਦੀ (ਆਰਥਕ ਸੰਕਟ) ਦੀ ਸੰਭਾਵਨਾ ਵਧ ਸਕਦੀ ਹੈ, ਜਿਸ ਅਧੀਨ ਰੁਜ਼ਗਾਰ, ਕਿਫਾਇਤੀ ਰਿਹਾਇਸ਼, ਕਾਰੋਬਾਰ ਅਤੇ ਘਰੇਲੂ ਵਿੱਤੀ ਸੰਕਟ, ਭੋਜਨ ਤੱਕ ਪਹੁੰਚ ਅਤੇ ਰਾਜ ਅਤੇ ਸਥਾਨਕ ਵਿੱਤੀ ਚੁਣੌਤੀਆਂ ਦਾ ਅਮਰੀਕਾ ਨੂੰ ਗੰਭੀਰ ਸਾਹਮਣਾ ਕਰਨਾ ਪੈ ਸਕਦਾ, ਜਿਸਦਾ ਵਿਸ਼ਵ ਭਰ 'ਚ ਅਸਰ ਪੈਣ ਦੀ ਸੰਭਾਵਨਾ ਨਜ਼ਰ ਆ ਰਹੀ ਹੈ। ਟੈਰਿਫ, ਇਮੀਗ੍ਰੇਸ਼ਨ ਅਤੇ ਹੋਰ ਨੀਤੀਆਂ ਦੇ ਆਲੇ-ਦੁਆਲੇ ਅਨਿਸਚਿਤਤਾ 2025 ਵਿੱਚ ਵਿਕਾਸ ਭਾਰੂ ਹੋਣ ਦੀ ਸੰਭਾਵਨਾ ਹੈ। ਅਸਲ-ਸਮੇਂ ਦੇ ਸੰਕੇਤ ਪਹਿਲੀ ਤਿਮਾਹੀ ਵਿੱਚ ਵਿਕਾਸ ਦਰ, ਵਿਕਾਸ ਵਿੱਚ ਇੱਕ ਭੌਤਿਕ ਮੰਦੀ ਵੱਲ ਇਸ਼ਾਰਾ ਕਰਦੇ ਹਨ।

ਅਸੀਂ ਆਪਣੇ ਪੂਰੇ ਸਾਲ 2025 ਵਿੱਚ ਵਿਕਾਸ ਦਰ ਦਾ ਪੂਰਵ ਅਨੁਮਾਨ ਨੂੰ 2.1 ਫੀਸਦੀ ਤੋਂ ਘਟਾ ਕੇ 1.7 ਫੀਸਦੀ ਕਰ ਦਿੱਤਾ ਹੈ। ਅਸੀਂ ਇੱਕ ਵਿਸ਼ਵਵਿਆਪੀ ਮੰਦੀ ਵੱਲ ਧਕੇਲੇ ਜਾ ਰਹੇ ਹਾਂ।ਮੰਦੀ ਆਰਥਿਕ ਗਤੀਵਿਧੀਆਂ ਵਿੱਚ ਇੱਕ ਮਹੱਤਵਪੂਰਨ, ਨਿਰੰਤਰ ਅਤੇ ਵਿਆਪਕ ਸੁੰਗੜਾਅ ਹੈ। ਜੇਕਰ ਅਮਰੀਕਾ ਦੇ ਦੂਸਰੇ ਮੁਲਕਾਂ ਉਪਰ ਇਹ ਟੈਰਿਫ ਟੈਕਸ ਇਸੇ ਤਰ੍ਹਾਂ ਜਾਰੀ ਰਹੇ, ਤਾਂ ਇਹ ਮੰਦੀ ਵਿੱਚ ਡੁੱਬ ਜਾਣਗੇ ਅਤੇ ਇਸ ਦਾ ਦੁਨੀਆ ਭਰ ਦੀਆਂ ਅਰਥ-ਵਿਵਸਥਾਵਾਂ ਤੇ ਨਕਾਰਾਤਮਕ ਪ੍ਰਭਾਵ ਪੈਣ ਦੀ ਸੰਭਾਵਨਾ ਹੈ। ਡੋਨਾਲਡ ਟਰੰਪ ਦੇ ਵਧਦੇ ਜਾ ਰਹੇ ਇਸ ਵਪਾਰ ਯੁੱਧ ਨੇ ਦੁਨੀਆ ਦੀਆਂ ਸਭ ਤੋਂ ਵੱਡੀਆਂ ਕੰਪਨੀਆਂ ਦੇ ਬਜ਼ਾਰ ਨੂੰ ਖਰਬਾਂ ਡਾਲਰ ਘਟਾ ਦਿੱਤਾ ਹੈ ਅਤੇ ਅਮਰੀਕੀ ਮੰਦੀ ਦੇ ਡਰ ਨੂੰ ਵਧਾ ਦਿੱਤਾ ਹੈ ਅਤੇ ਵਿਸ਼ਵ ਵਿੱਤੀ ਬਾਜ਼ਾਰ ਆਰਥਕ ਉਥਲ-ਪੁਥਲ ਵਿੱਚ ਡੁੱਬ ਰਹੇ ਹਨ।

ਅਮਰੀਕੀ ਰਾਸ਼ਟਰਪਤੀ ਦੇ ਇਸ ਧੱਕੇਸ਼ਾਹੀ ਅਮਲ 'ਤੇ ਚੀਨ ਦੇ ਜਵਾਬ ਤੋਂ ਬਾਅਦ ਸਟਾਕ ਬਾਜ਼ਾਰ ਡਿੱਗਦੇ ਰਹਿਣ ਕਾਰਨ ਵਿਸ਼ਵਵਿਆਪੀ ਮੰਦੀ ਦਾ ਡਰ ਵਧਦਾ ਜਾ ਰਿਹਾ ਹੈ ਅਤੇ ਵਿਸ਼ਵ ਬਜ਼ਾਰ/ ਮਾਰਕਿਟ 'ਚ ਵਿਰੋਧ ਪੈਦਾ ਹੋ ਰਿਹਾ ਹੈ। ਚੀਨ ਨੇ ਚਿਤਾਵਨੀ ਲਹਿਜੇ ਵਿੱਚ ਕਿਹਾ ਹੈ ਕਿ ਚੀਨ ਦੀ ਆਰਥਿਕਤਾ ਅਤੇ ਵਪਾਰ ਨੂੰ ਦਬਾਉਣ ਲਈ ਅਮਰੀਕਾ ਟੈਰਿਫ ਨੂੰ ਹਥਿਆਰ ਵਜੋਂ ਵਰਤਣਾ ਬੰਦ ਕਰੇ ਅਤੇ ਚੀਨੀ ਲੋਕਾਂ ਦੇ ਜਾਇਜ਼ ਵਿਕਾਸ ਅਧਿਕਾਰਾਂ ਨੂੰ ਕਮਜ਼ੋਰ ਕਰਨਾ ਬੰਦ ਕਰੇ। ਚੀਨ ਨੇ ਆਪਣੀ ਪ੍ਰਭੂਸੱਤਾ, ਸੁਰੱਖਿਆ ਅਤੇ ਵਿਕਾਸ ਹਿੱਤਾਂ ਦੀ ਰਾਖੀ ਲਈ ਦ੍ਰਿੜ੍ਹ ਕਦਮ ਚੁੱਕੇ ਹਨ ਅਤੇ ਚੁਕਦਾ ਰਹੇਗਾ। ਟਰੰਪ ਪ੍ਰਸ਼ਾਸਨ ਨੇ ਭਾਰਤ ਤੋਂ ਆਯਾਤ 'ਤੇ 26 ਫੀਸਦੀ ਟੈਰਿਫ ਲਗਾਇਆ ਹੈ, ਜਿਸ ਨਾਲ ਮਹੱਤਵਪੂਰਨ ਬਾਜ਼ਾਰ ਪ੍ਰਤੀਕਿਰਿਆਵਾਂ ਅਤੇ ਆਰਥਿਕ ਚਿੰਤਾਵਾਂ ਪੈਦਾ ਹੋ ਰਹੀਆਂ ਹਨ। ਇਹ ਟੈਰਿਫ ਯੂਰਪੀਅਨ ਯੂਨੀਅਨ (20 ਫੀਸਦੀ), ਜਾਪਾਨ (24 ਫੀਸਦੀ) ਅਤੇ ਦੱਖਣੀ ਕੋਰੀਆ (25 ਫੀਸਦੀ) ਤੇ ਲਗਾਏ ਗਏ ਟੈਰਿਫ ਨਾਲੋਂ ਵੱਧ ਹੈ, ਜਦੋਂ ਕਿ ਚੀਨ 54% ਟੈਰਿਫ ਦਾ ਸਾਹਮਣਾ ਕਰ ਰਿਹਾ ਹੈ, ਭਾਰਤ ਦੇ ਅਮਰੀਕਾ ਨਾਲ ਉਸ ਦੇ ਵਪਾਰਕ ਸਬੰਧਾਂ ਲਈ ਇੱਕ ਮਹੱਤਵਪੂਰਨ ਝਟਕਾ ਮੰਨਿਆ ਜਾਂਦਾ ਹੈ। ਅਮਰੀਕਾ ਵੱਲੋਂ ਭਾਰਤੀ ਆਯਾਤ 'ਤੇ 26 ਪ੍ਰਤੀਸ਼ਤ ਟੈਰਿਫ ਲਗਾਉਣ ਦੇ ਫੈਸਲੇ ਨਾਲ ਦੋਵਾਂ ਦੇਸ਼ਾਂ ਵਿਚਕਾਰ ਵਪਾਰਕ ਸਬੰਧਾਂ ਉਪਰ ਅਸਰ ਪਵੇਗਾ ਅਤੇ ਦੇਸ਼ ਦੀ ਆਰਥਿਤਾ ਨੂੰ ਮਾਰ ਪਵੇਗੀ। ਇਸ ਕਦਮ ਦਾ ਭਾਰਤ ਦੇ ਕਈ ਮੁੱਖ ਉਦਯੋਗਾਂ 'ਤੇ ਵੱਡਾ ਪ੍ਰਭਾਵ ਪੈਣ ਦੀ ਉਮੀਦ ਹੈ ਜੋ ਨਿਰਯਾਤ ਤੋਂ ਕਾਰੋਬਾਰ ਤੇ ਨਿਰਭਰ ਕਰਦੇ ਹਨ। ਇਹ ਇਲੈਕਟ੍ਰਾਨਿਕਸ, ਫਾਰਮਾਸਿਊਟੀਕਲ, ਟੈਕਸਟਾਈਲ ਅਤੇ ਖੇਤੀਬਾੜੀ ਵਰਗੇ ਖੇਤਰਾਂ ਲਈ ਚਿੰਤਾਵਾਂ ਪੈਦਾ ਕਰਦਾ ਹੈ। ਦੁਨੀਆ ਭਰ ਦੇ ਟੈਰਿਫ ਪ੍ਰਭਾਵਤ ਦੇਸ਼ ਨੇ ਇਸੇ ਤਰ੍ਹਾਂ ਦੀ ਪ੍ਰਤੀਕਿਰਿਆ ਦਿੱਤੀ ਹੈ।

ਯੂਰਪ ਵਿੱਚ ਨੇਤਾਵਾਂ ਨੇ ਟਰੰਪ ਦੇ ਟੈਰਿਫਾਂ ਨੂੰ ਬੁਨਿਆਦੀ ਤੌਰ 'ਤੇ ਗਲਤ, ਬੇਰਹਿਮ ਅਤੇ ਬੇ-ਬੁਨਿਆਦ ਅਮਰੀਕਾ ਦੀ ਟੈਰਿਫ ਘੋਸ਼ਣਾ ਤੋਂ ਬਾਅਦ ਗਲੋਬਲ ਬਾਜ਼ਾਰਾਂ ਵਿੱਚ ਗਿਰਾਵਟ ਜਾਰੀ ਹੈ। ਅਮਰੀਕੀ ਰਾਸ਼ਟਰਪਤੀ ਟਰੰਪ ਬਾਰੇ ਕੁਝ ਤਾਂ ਨਿਸਚਿਤ ਤੌਰ 'ਤੇ ਗਲਤ ਅਤੇ ਚਿੰਤਾਜਨਕ ਹੈ। ਉਸ ਦੇ ਵਿਵਹਾਰ ਅਤੇ ਉਸ ਦੇ ਅਨਿਯਮਿਤ, ਲਾਪਰਵਾਹ ਅਤੇ ਭਰਮਪੂਰਨ ਬਿਆਨਾਂ ਨੂੰ ਦੇਖਦੇ ਹੋਏ ਉਸ ਦੀ ਮਾਨਸਿਕ ਸਥਿਤੀ ਸ਼ੱਕੀ ਹੈ। ਉਸ ਨੇ ਬਹੁਤ ਸਾਰੇ ਦੇਸ਼ਾਂ, ਜਿਨ੍ਹਾਂ ਵਿੱਚ ਨਜ਼ਦੀਕੀ ਸਹਿਯੋਗੀ ਵੀ ਸ਼ਾਮਲ ਹਨ, ਦੇ ਵਿਰੁੱਧ ਬੇਲੋੜ

11-APR-PAGE-5.qxd 4/10/2025 10:44 PM Page 1

ਹੈਦਰਾਬਾਦ ਦੇ 400 ਏਕੜ ਜੰਗਲ ਦੀ ਕਟਾਈ ਵਿਰੁੱਧ ਮਜ਼ਦੂਰ ਜਥੇਬੰਦੀਆਂ ਵੱਲੋਂ ਰੋਸ ਪ੍ਰਦਰਸ਼ਨ

ਮੋਗਾ (ਇਕਬਾਲ ਸਿੰਘ ਖਹਿਰਾ) ਤੇਲੰਗਾਨਾ ਰਾਜ ਦੀ ਰਾਜਧਾਨੀ ਹੈਦਰਾਬਾਦ ਦੇ 400 ਏਕੜ ਜੰਗਲ ਨੂੰ ਆਈ ਟੀ ਪਾਰਕ ਤੇ ਦੂਸਰੀਆਂ ਇਮਾਰਤਾਂ ਬਣਾਉਣ ਦੇ ਨਾਮ ਤੇ ਤੇਲੰਗਾਨਾ ਸਰਕਾਰ ਵੱਲੋਂ ਬੁਲਡੋਜ਼ਰਾਂ ਨਾਲ ਇਹ ਜੰਗਲ ਸਮਾਪਤ ਕੀਤਾ ਜਾ ਰਿਹਾ ਹੈ।ਇਸ ਜੰਗਲ ਨੂੰ ਬਚਾਉਣ ਲਈ ਹੈਦਰਾਬਾਦ ਦੇ ਹਜ਼ਾਰਾਂ ਦੀ ਗਿਣਤੀ ਵਿੱਚ ਵਿਦਿਆਰਥੀ ਜ਼ਬਰਦਸਤ ਰੋਸ ਪ੍ਰਦਰਸ਼ਨ ਕਰ ਰਹੇ ਹਨ। ਤੇਲੰਗਾਨਾ ਸਰਕਾਰ ਵੱਲੋਂ ਹੈਦਰਾਬਾਦ ਦੇ ਇਸ 400 ਏਕੜ ਜੰਗਲ ਨੂੰ ਖਤਮ ਕਰ ਕੇ ਹਜ਼ਾਰਾਂ ਜੰਗਲੀਂ ਜਾਨਵਰਾਂ ਪੰਛੀਆਂ ਨੂੰ ਬੇਘਰ ਕਰਨ ਤੇ ਵਾਤਾਵਰਨ ਨੂੰ ਖ਼ਤਰਾ ਪੈਦਾ ਕਰਨ ਦੇ ਤੇਲੰਗਾਨਾ ਸਰਕਾਰ ਦੇ ਇਸ ਜੀਵ ਤੇ ਵਾਤਾਵਰਨ ਵਿਰੋਧੀ ਕਾਰਜ ਦੇ ਵਿਰੁੱਧ ਇੱਥੇ ਸ਼ਹੀਦ ਭਗਤ ਸਿੰਘ ਮਾਰਕੀਟ ਨੇੜੇ ਈ ਰਿਕਸ਼ਾ ਸਟੈਂਡ ਸਾਹਮਣੇ ਮਾਲਵੇ ਦੇ ਉੱਘੇ ਮਜ਼ਦੂਰ ਆਗੂ ਵਿਜੇ ਧੀਰ ਐਡਵੋਕੇਟ ਤੇ ਜਨਰਲ ਸਕੱਤਰ ਪ੍ਰਵੀਨ ਕੁਮਾਰ ਸ਼ਰਮਾ ਦੀ ਅਗਵਾਈ ਵਿੱਚ ਮਜ਼ਦੂਰ ਜਥੇਬੰਦੀਆਂ ਦੇ ਕਾਰਕੁਨਾਂ ਨੇ ਇੱਕ ਜ਼ੋਰਦਾਰ ਰੋਸ ਪ੍ਰਦਰਸ਼ਨ ਕੀਤਾ ਅਤੇ ਤੇਲੰਗਾਨਾ ਸਰਕਾਰ ਵਿਰੁੱਧ ਜੰਮ ਕੇ ਨਾਅਰੇਬਾਜ਼ੀ ਕੀਤੀ ਅਤੇ ਤੇਲੰਗਾਨਾ ਸਰਕਾਰ ਤੋਂ ਇਨ੍ਹਾਂ ਜੰਗਲੀਂ ਜਾਨਵਰਾਂ ਤੇ ਪੰਛੀਆਂ ਦਾ ਉਜਾੜਾ ਨਾ ਹੋਣ ਅਤੇ ਵਾਤਾਵਰਨ ਦਾ ਸੰਤੁਲਨ ਨਾ ਵਿਗਾੜਨ ਦੀ ਮੰਗ ਕੀਤੀ।ਇਸ ਮੌਕੇ ਮਜ਼ਦੂਰ ਆਗੂ ਵਿਜੇ ਧੀਰ ਐਡਵੋਕੇਟ ਨੇ ਕਿਹਾ ਕਿ ਇਨਸਾਨੀਅਤ ਦੀ ਬੇਰਹਮੀ ਕਾਰਨ ਹੈਦਰਾਬਾਦ ਦੇ ਜੰਗਲ ਦੇ ਹਜ਼ਾਰਾਂ ਜਾਨਵਰਾਂ ਨੂੰ ਬੇਘਰ ਹੋਣ ਦਾ ਉਹੀ ਸੰਤਾਪ ਭੋਗਣਾ ਪੈ ਰਿਹਾ ਹੈ, ਜਿਹੜਾ ਪੀੜਾਦਾਇਕ ਸੰਤਾਪ 1947 ਵਿੱਚ ਦੇਸ਼ ਦੀ ਵੰਡ ਸਮੇਂ ਪਾਕਿਸਤਾਨ ਵਿਚੋਂ ਉਜੜ ਕੇ ਭਾਰਤ ਆਏ ਲੋਕਾਂ ਨੂੰ ਭੋਗਣਾ ਪਿਆ ਸੀ।ਧੀਰ ਨੇ ਕਿਹਾ ਕਿ ਇਹ ਜੰਗਲ ਹਜ਼ਾਰਾਂ ਬੇਜ਼ਬਾਨਾਂ ਜਾਨਵਰਾਂ ਤੇ ਪੰਛੀਆਂ ਦਾ ਘਰ ਹੈ।ਧੀਰ ਨੇ ਕਿਹਾ ਕਿ ਜੇਕਰ ਇਹ ਜੰਗਲ ਖ਼ਤਮ ਹੋ ਗਿਆ ਤਾਂ ਇਸ ਦਾ ਅਸਰ ਕੇਵਲ ਹੈਦਰਾਬਾਦ 'ਤੇ ਹੀ ਨਹੀਂ ਬਲਕਿ ਸਾਰੇ ਦੇਸ਼ ਦੇ ਵਾਤਾਵਰਨ 'ਤੇ ਮਾੜਾ ਅਸਰ ਪਵੇਗਾ।ਇਸ ਕਾਰਨ ਗਰਮੀ ਜ਼ਿਆਦਾ ਪਵੇਗੀ ਤੇ ਬਰਸਾਤ ਘੱਟ ਪਵੇਗੀ।ਜੰਗਲ ਸਿਰਫ ਦਰਖਤ ਨਹੀਂ ਹਨ, ਬਲਕਿ ਇਨਸਾਨਾਂ ਦੇ ਸਾਹਾਂ ਦੀ ਗਰੰਟੀ ਹੈ।ਧੀਰ ਨੇ ਕਿਹਾ ਕਿ ਦਰਖਤਾਂ ਦੀ ਹੱਤਿਆ ਇੱਕ ਗੰਭੀਰ ਅਪਰਾਧ ਹੈ। ਧੀਰ ਨੇ ਕਿਹਾ ਕਿ ਮਥੁਰਾ ਬ੍ਰਿੰਦਾਬਨ ਦੇ ਇੱਕ ਵਿਅਕਤੀ ਸ਼ਿਵ ਸ਼ੰਕਰ ਅਗਰਵਾਲ ਦੇ ਇੱਕ ਮੁਕਦਮਾ ਵਿਚ ਮਾਣਯੋਗ ਸੁਪਰੀਮ ਕੋਰਟ ਨੇ ਕਿਹਾ ਹੈ ਕਿ ਦਰਖਤ ਕੱਟਣੇ ਮਨੁੱਖਾਂ ਦੀ ਹੱਤਿਆ ਕਰਨ ਤੋਂ ਵੀ ਜ਼ਿਆਦਾ ਗੰਭੀਰ ਮਾਮਲਾ ਹੈ।ਧੀਰ ਨੇ ਕਿਹਾ ਕਿ ਜੰਗਲ ਨੂੰ ਖਤਮ ਕਰਨ ਲਈ ਬੁਲਡੋਜ਼ਰਾਂ ਨੂੰ ਚਲਾਉਣਾ ਅਤੇ ਅੱਗ ਲਾਉਣੀ ਜੰਗਲੀ ਜਾਨਵਰਾਂ ਤੇ ਪੰਛੀਆਂ ਵਿਰੁੱਧ ਕਰੂਰਤਾ ਹੈ।ਧੀਰ ਨੇ ਦੱਸਿਆ ਕਿ ਹੈਦਰਾਬਾਦ ਦੇ ਇਸ ਜੰਗਲ ਵਿੱਚ ਬੇਘਰ ਹੋਏ ਰਾਸ਼ਟਰੀ ਪੰਛੀ ਮੋਰ, ਹਿਰਨ, ਹਾਥੀ ਆਦਿ ਜਾਨਵਰਾਂ ਦਾ ਹੁਬਾ ਮਾਰ ਕੇ ਰੋਣਾ ਅਤੇ ਪੰਛੀਆਂ ਦਾ ਚੀਕ ਚੰਗਿਆੜਾ ਵਿਰਲਾਪ ਜਾਗਦੀਆਂ ਜ਼ਮੀਰਾਂ ਵਾਲਿਆਂ ਨੂੰ ਰੋਣ ਲਈ ਮਜਬੂਰ ਕਰ ਰਿਹਾ ਹੈ। ਮਜ਼ਦੂਰ ਜਥੇਬੰਦੀਆਂ ਨੇ ਮਾਣਯੋਗ ਸੁਪਰੀਮ ਵੱਲੋਂ ਇਸ ਜੰਗਲ ਦੀ ਕਟਾਈ 'ਤੇ ਲਗਾਈ ਗਈ ਆਰਜ਼ੀ ਰੋਕ ਦਾ ਸਵਾਗਤ ਕੀਤਾ ਤੇ ਬੇਨਤੀ ਕੀਤੀ ਕਿ ਇਹ ਰੋਕ ਪੱਕੇ ਤੌਰ 'ਤੇ ਲਗਾਈ ਜਾਵੇ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਮਿੱਡ ਡੇ ਮੀਲ ਕੁੱਕ ਯੂਨੀਅਨ ਦੇ ਪ੍ਰਧਾਨ ਕਰਮ ਚੰਦ ਚੰਡਾਲੀਆ, ਕ੍ਰਾਂਤੀਕਾਰੀ ਭੱਠਾ ਮਜ਼ਦੂਰ ਯੂਨੀਅਨ ਦੇ ਪ੍ਰਧਾਨ ਪ੍ਰਵੀਨ ਕੁਮਾਰ ਸ਼ਰਮਾ, ਐੱਲ ਪੀ ਜੀ ਗੈਸ ਸਪਲਾਈ ਵਰਕਰਜ਼ ਯੂਨੀਅਨ ਦੇ ਪ੍ਰਧਾਨ ਰਾਮ ਬਚਨ ਰਾਓ, ਈ ਰਿਕਸ਼ਾ ਮਜ਼ਦੂਰ ਸੰਘ ਦੇ ਪ੍ਰਧਾਨ ਜਸਵਿੰਦਰ ਸਿੰਘ ਡੱਡ ਜਨਰਲ ਸਕੱਤਰ ਮੇਜਰ ਸਿੰਘ ਲੇਡੇ ਕੇ, ਮਿਉਂਸਪਲ ਇੰਪਲਾਈਜ ਫੈਡਰੇਸ਼ਨ ਦੇ ਸਾਬਕਾ ਪ੍ਰਧਾਨ ਮਦਨ ਲਾਲ ਬੋਹਤ, ਹਨੀ, ਰਾਮ ਜੀ ਸਾਧਾਂ ਵਾਲੀ ਬਸਤੀ, ਸੁਰਜੀਤ ਮਸੀਹ, ਸੱਤ ਪਾਲ ਸਿੰਘ ਭਾਗੀ ਕੇ, ਨਰਿੰਦਰ ਸਿੰਘ ਰਾਜਪੂਤ ਰੱਤੀਆਂ, ਜਸਵੰਤ ਸਿੰਘ ਜੱਸਾ, ਰੇਸ਼ਮ ਸਿੰਘ, ਮਦਨ ਸਿੰਘ, ਚਮਕੌਰ ਸਿੰਘ ਮਹਿਣਾ, ਗੁਰਚਰਨ ਸਿੰਘ ਬਹੋਨਾ, ਸੁਖਦੇਵ ਸਿੰਘ, ਸੰਨੀ, ਸ਼ਿਦਰ ਪਾਲ, ਵਿਨੋਦ, ਚੰਨਾ, ਬੱਬੂ, ਗਗਨ, ਸੋਮਨਾਥ, ਮਨੋਹਰ ਲਾਲ, ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।

ਬਾਰਦਾਨੇ ਦੇ ਗੁਦਾਮ ਨੂੰ ਲੱਗੀ ਅੱਗ, ਲੱਖਾਂ ਰੁਪਏ ਦੇ ਨੁਕਸਾਨ ਦਾ ਖ਼ਦਸ਼ਾ

ਘਟਨਾ ਦਾ ਜਾਇਜ਼ਾ ਲੈਂਦੇ ਹੋਏ ਚੇਅਰਮੈਨ ਰਾਜਵੰਤ ਸਿੰਘ ਘੁੱਲੀ।

ਧੂਰੀ (ਮੋਹਿਤ ਗਰਗ, ਬਿੰਨੀ ਗਰਗ) ਸ਼ਹਿਰੋਂ ਬਾਹਰ ਦੋਹਲਾ ਰੇਲਵੇ ਫਾਟਕਾਂ ਨੇੜੇ ਸਥਿਤ ਇੱਕ ਬਾਰਦਾਨਾ ਗੁਦਾਮ ਨੂੰ ਅਚਾਨਕ ਅੱਗ ਲੱਗਣ ਕਾਰਨ ਲੱਖਾਂ ਰੁਪਏ ਦਾ ਨੁਕਸਾਨ ਹੋਣ ਦਾ ਖਦਸ਼ਾ ਹੈ।ਮਿਲੀ ਜਾਣਕਾਰੀ ਅਨੁਸਾਰ ਬਾਰਦਾਨਾ ਗੁਦਾਮ ਦੇ ਨੇੜੇ ਖੇਤਾਂ ਵਿੱਚ ਕੰਮ ਕਰਦੇ ਵਿਅਕਤੀ ਨੇ ਦੱਸਿਆ ਕਿ ਉਨ੍ਹਾਂ ਨੇ ਇੱਕ ਪਟਾਕਾ ਪੈਣ ਦੀ ਅਵਾਜ਼ ਸੁਣੀ ਤੇ ਜਦੋਂ ਗੁਦਾਮ ਦੇ ਨੇੜੇ ਜਾ ਕੇ ਦੇਖਿਆ ਤਾਂ ਗੁਦਾਮ 'ਚੋਂ ਧੂਆਂ ਨਿਕਲ ਰਿਹਾ ਸੀ ਤੇ ਕੁੱਝ ਸਮੇਂ ਵਿੱਚ ਹੀ ਧੂਆਂ ਅੱਗ ਦੀਆਂ ਲਪਟਾਂ ਵਿੱਚ ਬਦਲ ਗਿਆ, ਜਿਸ ਤੋਂ ਬਾਅਦ ਅਸੀਂ ਅੱਗ ਬੁਝਾਊ ਅਮਲੇ ਨੂੰ ਸੂਚਿਤ ਕੀਤਾ ਤੇ ਕੁੱਝ ਹੀ ਸਮੇਂ ਵਿੱਚ ਫਾਇਰ ਬਿਗ੍ਰੇਡ ਦੇ ਅਮਲੇ ਨੇ ਮੌਕੇ 'ਤੇ ਪਹੁੰਚ ਕੇ ਲੋਕਾਂ ਦੀ ਮਦਦ ਨਾਲ ਅੱਗ 'ਤੇ ਕਾਬੂ ਪਾਇਆ।ਗੁਦਾਮ ਵਿੱਚ 15 ਸਾਲਾਂ ਤੋਂ ਕੰਮ ਕਰਦੇ ਰਾਮ ਪ੍ਰਵੇਸ਼ ਸ਼ਾਹ ਨੇ ਬਿਜਲੀ ਦੇ ਸ਼ਾਟ ਸਰਕਟ ਕਾਰਨ ਅੱਗ ਲੱਗਣ ਦਾ ਖ਼ਦਸ਼ਾ ਪ੍ਰਗਟ ਕਰਦਿਆਂ ਕਿਹਾ ਕਿ ਇਸ ਅੱਗ ਲੱਗਣ ਦੀ ਘਟਨਾ ਨਾਲ ਜਿੱਥੇ ਬਾਰਦਾਨੇ ਦੀਆਂ ਬੋਰੀਆਂ ਤੇ ਥੈਲੇ ਸੜ ਗਏ, ਜਿਸ ਨਾਲ ਕਰੀਬ 5 ਲੱਖ ਰੁਪੈ ਦਾ ਨੁਕਸਾਨ ਹੋ ਗਿਆ।ਉਨ੍ਹਾਂ ਪੰਜਾਬ ਸਰਕਾਰ ਤੋਂ ਨੁਕਸਾਨ ਦੀ ਭਰਪਾਈ ਲਈ ਯੋਗ ਮੁਆਵਜ਼ੇ ਦੀ ਮੰਗ ਵੀ ਕੀਤੀ।ਉਧਰ ਮੁੱਖ ਮੰਤਰੀ ਕੈਂਪਸ ਦਫ਼ਤਰ ਦੇ ਇੰਚਾਰਜ ਤੇ ਮਾਰਕਿਟ ਕਮੇਟੀ ਧੂਰੀ ਦੇ ਚੇਅਰਮੈਨ ਰਾਜਵੰਤ ਸਿੰਘ ਘੁੱਲੀ ਨੇ ਘਟਨਾ ਸਥਾਨ ਤੇ ਪੁੱਜ ਕੇ ਸਥਿਤੀ ਦਾ ਜਾਇਜ਼ਾ ਲਿਆ ਤੇ ਭਰੋਸਾ ਦਿਵਾਇਆ ਕਿ ਪਰਿਵਾਰ ਨੂੰ ਮੁਆਵਜ਼ਾ ਦਿਵਾਉਣ ਲਈ ਹਰ ਸੰਭਵ ਕੋਸ਼ਿਸ਼ ਕੀਤੀ ਜਾਵੇਗੀ।

ਪੰਜਾਬ ਪੈਨਸ਼ਨਰਜ਼ ਯੂਨੀਅਨ (ਏਟਕ) ਬ੍ਰਾਂਚ ਮੋਗਾ ਦੀ ਮਹੀਨਾਵਾਰ ਮੀਟਿੰਗ

ਮੋਗਾ (ਇਕਬਾਲ ਸਿੰਘ ਖਹਿਰਾ)- ਸ਼ਹੀਦ ਕਾਮਰੇਡ ਨਛੱਤਰ ਸਿੰਘ ਧਾਲੀਵਾਲ ਭਵਨ ਮੋਗਾ ਵਿੱਚ ਪੰਜਾਬ ਪੈਨਸ਼ਨਰਜ਼ ਯੂਨੀਅਨ (ਏਟਕ) ਬ੍ਰਾਂਚ ਮੋਗਾ ਦੀ ਮਹੀਨਵਾਰ ਮੀਟਿੰਗ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਬਚਿੱਤਰ ਸਿੰਘ ਧੋਥੜ ਦੀ ਪ੍ਰਧਾਨਗੀ ਹੇਠ ਹੋਈ।ਇਸ ਮੌਕੇ ਯੂਨੀਅਨ ਦੇ ਸੂਬਾਈ ਪ੍ਰਧਾਨ ਜਗਦੀਸ਼ ਸਿੰਘ ਚਾਹਲ ਵਿਸ਼ੇਸ਼ ਤੌਰ 'ਤੇ ਪਹੁੰਚੇ।ਮੀਟਿੰਗ ਸ਼ੁਰੂ ਕਰਨ ਤੋਂ ਪਹਿਲਾਂ ਵਿੱਛੜੇ ਸਾਥੀਆਂ ਸੁਖਚੈਨ ਸਿੰਘ ਘੋਲੀਆ ਦੇ ਵੱਡੇ ਭਰਾ ਬਲਵਿੰਦਰ ਸਿੰਘ ਤੇ ਨਰਿੰਦਰ ਕੁਮਾਰ ਭੰਡਾਰੀ ਦੇ ਅਕਾਲ ਚਲਾਣੇ 'ਤੇ ਦੋ ਮਿੰਟ ਦਾ ਮੌਨ ਧਾਰਨ ਕਰਕੇ ਦੁੱਖ ਪ੍ਰਗਟ ਕੀਤਾ ਗਿਆ।ਮੀਟਿੰਗ ਦੀ ਕਾਰਵਾਈ ਸ਼ੁਰੂ ਕਰਨ ਸਮੇਂ ਭੁਪਿੰਦਰ ਸਿੰਘ ਸੇਖੋਂ ਨੇ ਪੈਨਸ਼ਨਰਾਂ ਨੂੰ ਉਨ੍ਹਾਂ ਨਾਲ ਸਬੰਧਤ ਆਮਦਨ ਕਰ, 1-1-16 ਤੋਂ ਬਕਾਏ, ਬੈਂਕ ਖਾਤਿਆਂ ਨੂੰ ਜੁਆਇੰਟ ਕਰਾਉਣ, ਲਾਈਫ ਟਾਈਮ ਏਰੀਅਰ ਫਾਰਮ ਬੈਂਕਾਂ ਵਿੱਚ ਦੇਣ ਆਦਿ ਬਾਰੇ ਭਰਪੂਰ ਜਾਣਕਾਰੀ ਦਿੱਤੀ।ਉਨ੍ਹਾਂ ਪੈਨਸ਼ਨਰਾਂ ਵੱਲੋਂ ਪੰਜਾਬ ਮੁਲਾਜ਼ਮ ਤੇ ਪੈਨਸ਼ਨਰਜ਼ ਸਾਂਝਾ ਫਰੰਟ ਦੇ ਸੱਦੇ 'ਤੇ 24 ਮਾਰਚ 2025 ਨੂੰ ਕੀਤੀ ਰੈਲੀ ਵਿੱਚ ਬ੍ਰਾਂਚ ਵੱਲੋਂ ਸ਼ਮੂਲੀਅਤ ਕੀਤੀ ਤੇ ਏਟਕ ਪੰਜਾਬ ਵੱਲੋਂ ਮਿਨੀਮਮ ਵੇਜ ਦੀ ਦੁਹਾਈ ਨੂੰ ਲੈ ਕੇ ਮੋਹਾਲੀ ਵਿੱਚ ਕੀਤੀ ਰੈਲੀ ਵਿੱਚ ਸ਼ਮੂਲੀਅਤ ਲਈ ਪੈਨਸ਼ਨਰਾਂ ਦਾ ਧੰਨਵਾਦ ਕੀਤਾ।

ਇਸ ਮੌਕੇ ਕਾਮਰੇਡ ਜਗਦੀਸ਼ ਸਿੰਘ ਚਾਹਲ ਨੇ ਜਥੇਬੰਦੀ ਵੱਲੋਂ ਸੂਬਾਈ ਪੱਧਰ 'ਤੇ ਕੀਤੇ ਸੰਘਰਸ਼ਾਂ ਬਾਰੇ ਵਿਸਥਾਰਪੂਰਵਕ ਚਾਨਣਾ ਪਾਇਆ ਤੇ ਕਿਹਾ ਕਿ ਪੰਜਾਬ ਸਰਕਾਰ ਸਿਰਫ਼ ਮਸ਼ਹੂਰੀਆਂ ਦੀ ਸਰਕਾਰ ਹੀ ਰਹਿ ਗਈ ਹੈ।ਇਹ ਕੰਮ ਘੱਟ ਕਰਦੀ ਹੈ, ਪਰ ਇਸ ਦਾ ਦਾਰੋਮਦਾਰ ਸਿਰਫ਼ ਮਸ਼ਹੂਰੀਆਂ ਰਾਹੀਂ ਲੋਕਾਂ ਨੂੰ ਮੂਰਖ ਬਣਾਉਣਾ ਹੀ ਹੈ।ਉਨ੍ਹਾਂ ਬੱਸਾਂ ਦੀ ਉਦਾਹਰਣ ਦਿੰਦੇ ਹੋਏ ਦੱਸਿਆ ਕਿ ਪੰਜਾਬ ਰੋਡਵੇਜ਼ ਵਿੱਚ ਬੱਸਾਂ ਟਾਇਰਾਂ ਤੇ ਤੇਲ ਤੋਂ ਬਿਨਾਂ ਖੜ੍ਹ ਰਹੀਆਂ ਹਨ।ਮੁਫ਼ਤ ਸਫ਼ਰ ਸਹੂਲਤ ਦਾ 500 ਕਰੋੜ ਦਾ ਬਕਾਇਆ ਸਰਕਾਰ ਵੱਲ ਖੜ੍ਹਾ ਹੈ, ਪਰ ਸਰਕਾਰ ਬੱਜਟ ਵਿੱਚ ਸਿਰਫ਼ 450 ਕਰੋੜ ਰੁਪਏ ਰੱਖੇ ਹਨ, ਜਦਕਿ ਇਸ ਵਿੱਚੋਂ 225 ਕਰੋੜ ਰੁਪਏ ਤਾਂ ਪੀ.ਆਰ.ਟੀ.ਸੀ. ਦੇ ਹਨ।ਬੱਸਾਂ ਨੂੰ ਟਾਇਰ ਨਹੀਂ ਮਿਲ ਰਹੇ।ਟਾਇਰ ਰੀਸੋਲ ਕਰਨ ਦਾ ਪਲਾਂਟ ਬੰਦ ਪਿਆ ਹੈ।ਕੱਚੇ ਮੁਲਾਜ਼ਮਾਂ ਨੂੰ ਪੱਕਾ ਨਹੀਂ ਕੀਤਾ ਜਾ ਰਿਹਾ।ਕੋਈ ਨਵੀਂ ਬੱਸ ਨਹੀਂ ਪਾਈ ਜਾ ਰਹੀ।ਉਨ੍ਹਾਂ ਕਿਹਾ ਕਿ ਹੁਣ ਤਾਂ ਮੰਤਰੀ ਪਿਛਲੇ ਸਮੇਂ ਮੁਰੰਮਤ ਕੀਤੇ ਬਾਥਰੂਮਾਂ ਦਾ ਉਦਘਾਟਨ ਕਰਕੇ ਦਿਖਾਉਣਾ ਚਾਹੁੰਦੇ ਹਨ ਕਿ ਸਰਕਾਰ ਕੰਮ ਕਰ ਰਹੀ ਹੈ।ਇਸ ਮੌਕੇ ਸਤਪਾਲ ਸਹਿਗਲ ਨੇ ਪੈਨਸ਼ਨਰਾਂ ਦੇ ਵਿਅਕਤੀਗਤ ਮਸਲੇ ਸੁਣੇ ਤੇ ਉਨ੍ਹਾਂ ਨੂੰ ਹੱਲ ਕੀਤਾ।ਮਹਿੰਦਰ ਸਿੰਘ ਗੁੰਮਟੀ ਨੇ ਆਪਣੇ ਪੋਤਰੇ ਦੇ ਜਨਮ ਦੀ ਖੁਸ਼ੀ ਵਿੱਚ ਚਾਹ ਤੇ ਲੱਡੂਆਂ ਦੀ ਸੇਵਾ ਕੀਤੀ, ਨਾਲ ਹੀ ਕਾਮਰੇਡ ਜਗਦੀਸ਼ ਸਿੰਘ ਚਾਹਲ ਨੇ ਵੀ ਆਪਣੇ ਪੋਤਰੇ ਦੇ ਜਨਮ ਦਿਨ ਦੀ ਖੁਸ਼ੀ ਵਿੱਚ ਲੱਡੂਆਂ ਦੀ ਸੇਵਾ ਕੀਤੀ।ਇਸ ਮੌਕੇ ਪ੍ਰਧਾਨ ਬਚਿੱਤਰ ਸਿੰਘ ਧੋਥੜ ਨੇ ਜਿੱਥੇ ਆਏ ਮੈਂਬਰਾਂ ਦਾ ਧੰਨਵਾਦ ਕੀਤਾ, ਉਥੇ ਨਾਲ ਮਹਿੰਦਰ ਸਿੰਘ ਗੁੰਮਟੀ ਤੇ ਜਗਦੀਸ਼ ਸਿੰਘ ਚਾਹਲ ਦਾ ਧੰਨਵਾਦ ਕਰਦੇ ਹੋਏ ਦੋਹਾਂ ਬੱਚਿਆਂ ਦੀ ਲੰਬੀ ਤੇ ਖੁਸ਼ੀਆਂ ਭਰਪੂਰ ਜ਼ਿੰਦਗੀ ਦੀ ਕਾਮਨਾ ਕਰਦੇ ਦੋਹਾਂ ਸਾਥੀਆਂ ਨੂੰ ਵਧਾਈ ਦਿੱਤੀ।ਇਸ ਮੌਕੇ ਹੋਰਨਾਂ ਤੋਂ ਇਲਾਵਾ ਨਿਰੰਜਣ ਸਿੰਘ ਮਾਛੀਕੇ, ਉਂਕਾਰ ਸਿੰਘ ਫਰਵਾਹਾ, ਪੋਹਲਾ ਸਿੰਘ ਬਰਾੜ, ਚਮਕੌਰ ਸਿੰਘ ਲੰਗੇਆਣਾ, ਗੁਰਚਰਨ ਸਿੰਘ ਬਾਘਾ ਪੁਰਾਣਾ, ਅਮਰ ਸਿੰਘ ਮਹਿਣਾ, ਬੂਟਾ ਸਿੰਘ ਭੱਟੀ, ਗੁਰਜੀਤ ਸਿੰਘ ਚੜਿੱਕ, ਅਜਮੇਰ ਸਿੰਘ ਕੈਸ਼ੀਅਰ, ਉਂਕਾਰ ਪੁਰੀ, ਤ੍ਰਿਲੋਚਣ ਸਿੰਘ, ਅਜਮੇਰ ਸਿੰਘ ਅਖਾੜਾ, ਚਮਨ ਲਾਲ ਸੰਗੇਲੀਆ, ਹਰੀਬਹਾਦਰ ਬਿੱਟੂ ਆਦਿ ਹਾਜ਼ਰ ਸਨ।

ਕਾਤਰਾਂ

ਨਾਜਾਇਜ਼ ਸ਼ਰਾਬ ਸਮੇਤ ਕਾਬੂ

ਮਾਛੀਵਾੜਾ ਸਾਹਿਬ (ਸ਼ੌਕੀ ਸ਼ਰਮਾ, ਜਗਦੀਸ਼ ਰਾਏ)-ਸਥਾਨਕ ਪੁਲਸ ਵੱਲੋਂ ਦੇਸੀ ਤੇ ਅੰਗਰੇਜ਼ੀ ਨਾਜਾਇਜ਼ ਸ਼ਰਾਬ ਸਮੇਤ ਇੱਕ ਵਿਅਕਤੀ ਨੂੰ ਕਾਬੂ ਕੀਤਾ ਹੈ, ਜਿਸ ਦੀ ਪਹਿਚਾਣ ਕੁੰਦਨ ਕੁਮਾਰ ਵਾਸੀ ਗੜ੍ਹੀ ਤਰਖਾਣਾ ਵਜੋਂ ਹੋਈ ਹੈ। ਐੱਸ.ਐੱਚ.ਓ. ਹਰਵਿੰਦਰ ਸਿੰਘ ਨੇ ਪ੍ਰੈੱਸ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ ਏ.ਐੱਸ.ਆਈ. ਕਰਨੈਲ ਸਿੰਘ ਪੁਲਸ ਪਾਰਟੀ ਸਮੇਤ ਦਾਣਾ ਮੰਡੀ ਨੇੜੇ ਗਸ਼ਤ ਕਰ ਰਿਹਾ ਸੀ ਕਿ ਮੁਖ਼ਬਰ ਨੇ ਆ ਕੇ ਸੂਚਨਾ ਦਿੱਤੀ ਕਿ ਕੁੰਦਨ ਕੁਮਾਰ ਜੋ ਕਿ ਪਿੰਡ ਗੜ੍ਹੀ ਤਰਖਾਣਾ ਦੀ ਸਰਕਾਰੀ ਨਰਸਰੀ ਨੇੜੇ ਨਾਜਾਇਜ਼ ਸ਼ਰਾਬ ਵੇਚਦਾ ਹੈ ਤੇ ਅੱਜ ਵੀ ਉਹ ਨਹਿਰ ਨੇੜੇ ਨਾਜਾਇਜ਼ ਸ਼ਰਾਬ ਵੇਚਦਾ ਕਾਬੂ ਆ ਸਕਦਾ ਹੈ। ਮਾਛੀਵਾੜਾ ਪੁਲਸ ਵੱਲੋਂ ਇਸ ਸਬੰਧੀ ਮਾਮਲਾ ਦਰਜ ਕਰ ਤੁਰੰਤ ਛਾਪੇਮਾਰੀ ਕੀਤੀ ਤਾਂ ਕੁੰਦਨ ਕੁਮਾਰ ਨੂੰ 6 ਬੋਤਲਾਂ ਅੰਗਰੇਜ਼ੀ ਤੇ 21 ਬੋਤਲਾਂ ਦੇਸੀ ਸ਼ਰਾਬ ਸਮੇਤ ਕਾਬੂ ਕੀਤਾ ਗਿਆ ਹੈ।

ਕੈਂਟਰ ਰਾਹੀਂ ਦਰੜ ਕੇ ਮਾਰਨ ਦੇ ਮਾਮਲੇ ਦਾ ਦੋਸ਼ੀ ਬਰੀ

ਜੈਤੋ (ਸਤੀਸ਼ ਕੁਮਾਰ ਭੀਰੀ)- ਥਾਣਾ ਸਿਟੀ ਕੋਟਕਪੂਰਾ ਵਿਖੇ ਆਈ ਪੀ ਸੀ ਦੀ ਧਾਰਾਵਾਂ 279/337/427 ਅਤੇ 304 ਏ ਤਹਿਤ ਪਿਛਲੇ ਲਗਭਗ ਸਾਢੇ ਚਾਰ ਸਾਲ ਪੁਰਾਣੇ ਮਾਮਲੇ ਦੇ ਦੋਸ਼ੀ ਗੁਰਦੇਵ ਸਿੰਘ ਵਾਸੀ ਰੋਮਾਣਾ ਅਲਬੇਲ ਸਿੰਘ ਨੂੰ ਦੋਸ਼ ਮੁਕਤ ਕਰਨ ਉਪਰੰਤ ਬਰੀ ਕਰ ਦਿੱਤਾ ਗਿਆ।ਅਦਾਲਤੀ ਕੰਪਲੈਕਸ ਤੋਂ ਪਤਾ ਕੀਤੀ ਜਾਣਕਾਰੀ ਅਨੁਸਾਰ ਲਗਭਗ ਸਾਢੇ ਚਾਰ ਸਾਲ ਪਹਿਲਾਂ ਗੁਰਦੇਵ ਸਿੰਘ ਨੇ ਆਪਣੇ ਕੈਂਟਰ ਰਾਹੀਂ ਕੋਟਕਪੂਰਾ ਦੇ ਬਾਲਮੀਕੀ ਚੌਕ ਵਿੱਚ ਇੱਕ ਨੌਜਵਾਨ ਨੂੰ ਦਰੜ ਦਿੱਤਾ ਸੀ, ਜਿਸ ਦੇ ਸਬੰਧ ਵਿੱਚ ਗੁਰਦੇਵ ਸਿੰਘ ਵਿਰੁੱਧ ਮਾਮਲਾ ਦਰਜ ਕੀਤਾ ਗਿਆ। ਦੋਸ਼ੀ ਦੇ ਵਕੀਲ ਅਮਿਤ ਕੁਮਾਰ ਮਿੱਤਲ ਦੀਆਂ ਜ਼ੋਰਦਾਰ ਦਲੀਲਾਂ ਦੇ ਮੱਦੇਨਜ਼ਰ ਮਾਣਯੋਗ ਸੇਰਲ ਸੋਹੀ ਜ਼ੁਡੀਸ਼ੀਅਲ ਮੈਜਿਸਟ੍ਰੇਟ ਵੱਲੋਂ ਗੁਰਦੇਵ ਸਿੰਘ ਨੂੰ ਬਰੀ ਕਰਨ ਦਾ ਫੈਸਲਾ ਸੁਣਾਇਆ ਗਿਆ।

ਜਿੰਮ 'ਚ ਨੌਜਵਾਨ ਦੀ ਕੁੱਟਮਾਰ

ਬਰੇਟਾ (ਗੀਤਵਾਲ)-ਜਿੱਮ ਵਿੱਚ ਤਕਰ

11- April - Page - 6.qxd 4/10/2025 10:58 PM Page 1

ਭਾਰਤੀ ਕਿਸਾਨ ਯੂਨੀਅਨ ਏਕਤਾ (ਸਿੱਧੂਪੁਰ) ਨੇ ਕੋਹਾਲੀ ਵਿਖੇ ਕਰਵਾਈ ਕਿਸਾਨ-ਮਜ਼ਦੂਰ ਮਹਾਂ-ਪੰਚਾਇਤ

ਚੇਤਨਪੁਰਾ (ਸੁਖਵੰਤ ਚੇਤਨਪੁਰੀ)- ਭਾਰਤੀ ਕਿਸਾਨ ਯੂਨੀਅਨ ਏਕਤਾ (ਸਿੱਧੂਪੁਰ) ਦੇ ਆਗੂ ਪਲਵਿੰਦਰ ਸਿੰਘ ਮਾਹਲ ਦੀ ਅਗਵਾਈ ਹੇਠ ਪਿੰਡ ਕੋਹਾਲੀ ਦੇ ਪ੍ਰੀਤਮ ਸਟੇਡੀਅਮ ਵਿਖੇ ਕਿਸਾਨ ਮਜ਼ਦੂਰ ਮਹਾਂ ਪੰਚਾਇਤ ਕਰਵਾਈ ਗਈ। ਇਸ ਸਮੇਂ ਵਿਸ਼ੇਸ਼ ਤੌਰ 'ਤੇ ਪਹੁੰਚੇ ਜਥੇਬੰਦੀ ਦੇ ਸੂਬਾ ਪ੍ਰਧਾਨ ਜਗਜੀਤ ਸਿੰਘ ਡੱਲੇਵਾਲ ਨੇ ਸੰਬੋਧਨ ਕਰਦਿਆਂ ਕਿਹਾ ਕਿ ਜ਼ਮੀਨ ਸਾਡੀ ਮਾਂ ਹੈ ਅਤੇ ਅਸੀਂ ਆਪਣੀ ਮਾਂ ਦੀ ਰਾਖੀ ਲਈ ਖੂਨ ਦਾ ਕਤਰਾ -ਕਤਰਾ ਵਹਾ ਦਿਆਂਗੇ। ਉਨ੍ਹਾਂ ਕਿਹਾ ਜ਼ਮੀਨਾਂ ਦੀ ਰਾਖੀ ਲਈ ਅਸੀਂ ਹਮੇਸ਼ਾ ਹੀ ਲੜਦੇ ਰਹੇ ਹਾਂ ਅਤੇ ਲੜਦੇ ਰਹਾਂਗੇ। ਉਹਨਾਂ ਕਿਹਾ ਕਿ ਬੇਸ਼ੱਕ ਪੰਜਾਬ ਸਰਕਾਰ ਨੇ ਲੂੰਬੜ ਚਾਲ ਖੇਡ ਕੇ ਸਾਡੇ ਮੋਰਚੇ ਨੂੰ ਖਦੇੜ ਦਿੱਤਾ ਹੈ, ਪਰ ਸਾਡਾ ਮੋਰਚਾ ਖਤਮ ਨਹੀਂ ਹੋਇਆ, ਇਹ ਲਗਾਤਾਰ ਚੱਲਦਾ ਰਹੇਗਾ। ਉਨ੍ਹਾਂ ਅੱਗੇ ਕਿਹਾ ਕਿ ਮੱਧ ਪ੍ਰਦੇਸ਼ ਵਿੱਚ ਇਹ ਕਾਨੂੰਨ ਪਾਸ ਹੋ ਚੁੱਕਾ ਹੈ ਕਿ ਸਰਕਾਰ ਕਿਸੇ ਵੀ ਕਿਸਾਨ ਦੀ ਜ਼ਮੀਨ 'ਤੇ ਬਿਨਾਂ ਕੋਈ ਪੈਸਾ ਦਿੱਤਿਆਂ ਕਬਜ਼ਾ ਕਰ ਸਕਦੀ ਹੈ, ਜੇਕਰ ਅਸੀਂ ਸੁੱਤੇ ਰਹੇ ਤਾਂ ਇਹ ਕਾਨੂੰਨ ਪੰਜਾਬ ਵਿੱਚ ਵੀ ਲਾਗੂ ਹੋ ਜਾਵੇਗਾ ਅਤੇ ਦੂਸਰੇ ਸੂਬਿਆਂ ਵਿੱਚ ਵੀ। ਕਿਸਾਨ ਆਗੂ ਪਲਵਿੰਦਰ ਸਿੰਘ ਮਾਹਲ ਨੇ ਕਿਹਾ ਕਿ ਸਾਡੀ ਜੰਗ ਹੁਣ ਅਬਦਾਲੀ ਨਾਲ ਹੈ ਅਤੇ ਅਸੀਂ ਇਹ ਜੰਗ ਏਕੇ ਨਾਲ ਜਿੱਤਾਂਗੇ। ਬੀਜੇ ਪੀ ਅਤੇ ਭਗਵੰਤ ਮਾਨ ਸਰਕਾਰ ਅੰਗਰੇਜ਼ਾਂ ਤੇ ਮੁਗਲਾਂ ਵਾਲੇ ਕਾਨੂੰਨ ਲਿਆਉਣਾ ਚਾਹੁੰਦੀ ਹੈ, ਪਰ ਅਸੀਂ ਇੰਜ ਹੋਣ ਨਹੀਂ ਦਿਆਂਗੇ।ਹਰਿਆਣਾ ਤੋਂ ਆਏ ਆਗੂ ਅਭਿਮਨਿਊ ਕੁਹਾੜ ਨੇ ਕਿਹਾ ਕਿ ਸਰਕਾਰਾਂ ਦੇ ਨਾਲ ਨਾਲ ਸਾਡੀ ਲੜਾਈ ਵੱਡੇ ਕਾਰਪੋਰੇਟ ਘਰਾਣਿਆਂ ਦੇ ਨਾਲ ਹੈ। ਵੱਡੀ ਗਿਣਤੀ ਵਿੱਚ ਆਪਣੇ ਸਾਥੀਆਂ ਸਮੇਤ ਪਹੁੰਚੇ ਮੈਡੀਕਲ ਪ੍ਰੈਕਟੀਸ਼ਨਰ ਐਸੋਸੀਏਸ਼ਨ ਪੰਜਾਬ ਜ਼ਿਲ੍ਹਾ ਅੰਮ੍ਰਿਤਸਰ ਦੇ ਪ੍ਰਧਾਨ ਡਾ. ਅਰਜਿੰਦਰ ਸਿੰਘ ਕੋਹਾਲੀ ਨੇ ਕਿਹਾ ਕਿ ਉਨ੍ਹਾਂ ਦੀ ਜਥੇਬੰਦੀ ਹਰ ਵੇਲੇ ਕਿਸਾਨਾਂ ਦੇ ਨਾਲ ਹੈ। ਇਸ ਮੌਕੇ ਉੱਘੇ ਸਿੱਖ ਆਗੂ ਅਤੇ ਕੀਰਤਨੀਏ ਭਾਈ ਬਲਦੇਵ ਸਿੰਘ ਵਡਾਲਾ ਨੇ ਕੀਰਤਨ ਕੀਤਾ ਅਤੇ ਭਾਈ ਡੱਲੇਵਾਲ ਅਤੇ ਕਿਸਾਨੀ ਸੰਘਰਸ਼ ਦੀ ਚੜ੍ਹਦੀ ਕਲਾ ਲਈ ਅਰਦਾਸ ਕੀਤੀ। ਇਸ ਮਹਾਂ ਪੰਚਾਇਤ ਸਮੇਂ ਪੰਜਾਬ ਦੇ ਜਨਰਲ ਸਕੱਤਰ ਕਾਕਾ ਸਿੰਘ ਕੋਟਰਾ, ਬਲਦੇਵ ਸਿੰਘ ਸਿਰਸਾ, ਸਤਨਾਮ ਸਿੰਘ ਬਹਿਰੂ, ਸੁਖਪਾਲ ਸਿੰਘ ਸਹੋਤਾ, ਸ਼ਮਸ਼ੇਰ ਸਿੰਘ ਅਟਵਾਲ, ਗੁਰਦੇਵ ਸਿੰਘ ਹਰਿਆਣਾ, ਜਰਨੈਲ ਸਿੰਘ ਚਹਿਲ, ਜਸਬੀਰ ਸਿੰਘ ਸਿੱਧੂਪੁਰ, ਭਾਈ ਬਲਦੇਵ ਸਿੰਘ ਵਡਾਲਾ, ਦਿਲਬਾਗ ਸਿੰਘ ਦਰਾਜਕੇ, ਸਰਪੰਚ ਗੁਰਜੰਟ ਸਿੰਘ ਕੋਹਾਲੀ, ਜ਼ਿਲ੍ਹਾ ਆਗੂ ਜਗਜੀਤ ਸਿੰਘ ਕੋਹਾਲੀ, ਨੰਬਰਦਾਰ ਰੇਸ਼ਮ ਸਿੰਘ ਕੋਹਾਲੀ, ਬਲਾਕ ਪ੍ਰਧਾਨ ਸਵਿੰਦਰ ਸਿੰਘ ਕਲੇਰ, ਕਰਮਜੀਤ ਸਿੰਘ,ਡਾ.ਰਣਜੀਤ ਸਿੰਘ ਧੈਰਾਬਾਦ ਆਦਿ ਬੁਲਾਰਿਆਂ ਨੇ ਸੰਬੋਧਨ ਕਰਦਿਆਂ ਪੰਜਾਬ ਅਤੇ ਕੇਂਦਰ ਸਰਕਾਰ ਨੂੰ ਖੂਬ ਰਗੜੇ ਲਾਏ । ਇਸ ਮੌਕੇ ਕੇਂਦਰ ਤੇ ਪੰਜਾਬ ਸਰਕਾਰ ਖ਼ਿਲਾਫ਼ ਜ਼ੋਰਦਾਰ ਨਾਅਰੇਬਾਜ਼ੀ ਕੀਤੀ। ਮਹਾਂ ਪੰਚਾਇਤ ਸਮੇਂ ਸਾਬਕਾ ਸਰਪੰਚ ਸ਼ਮਸ਼ੇਰ ਸਿੰਘ ਬਰਾੜ, ਹਰਵਿੰਦਰ ਸਿੰਘ ਸ਼ਾਹ ਸਰਪੰਚ ਖਿਆਲਾ ਖੁਰਦ, ਤੀਰਥ ਸਿੰਘ ਕੋਹਾਲੀ, ਸਾਬਕਾ ਸਰਪੰਚ ਲਖਬੀਰ ਸਿੰਘ ਕੋਹਾਲੀ, ਬਿੱਟਾ ਮਾਹਲ ਬਲਾਕ ਪ੍ਰਧਾਨ ਅਜਨਾਲਾ, ਅਰਵਿੰਦਰ ਸਿਟੀ ਬਲਾਕ ਪ੍ਰਧਾਨ, ਗੁਰਤਾਜ ਸਿੰਘ ਰਾਮ ਤੀਰਥ, ਦਲਜੀਤ ਸਿੰਘ ਬਿੱਲੂ ਸਮੇਤ ਵੱਡੀ ਗਿਣਤੀ ਵਿੱਚ ਵੱਖ-ਵੱਖ ਪਿੰਡਾਂ ਤੋਂ ਕਿਸਾਨ ਆਗੂ ਹਾਜ਼ਰ ਹੋਏ।

ਚੇਅਰਮੈਨ ਸੇਖਵਾਂ ਵੱਲੋਂ 'ਆਪ' ਕਨਵੀਨਰ ਕੇਜਰੀਵਾਲ ਨਾਲ ਵਿਸ਼ੇਸ਼ ਮੁਲਾਕਾਤ

ਧਾਰੀਵਾਲ, (ਮਨਦੀਪ ਸਿੰਘ ਵਿੱਕੀ) - ਜ਼ਿਲ੍ਹਾ ਯੋਜਨਾ ਕਮੇਟੀ ਗੁਰਦਾਸਪੁਰ ਦੇ ਚੇਅਰਮੈਨ ਜਗਰੂਪ ਸਿੰਘ ਸੇਖਵਾਂ ਵੱਲੋਂ ਅੱਜ ਨਵੀਂ ਦਿੱਲੀ ਵਿਖੇ ਆਮ ਆਦਮੀ ਪਾਰਟੀ ਦੇ ਰਾਸ਼ਟਰੀ ਕਨਵੀਨਰ ਅਤੇ ਦਿੱਲੀ ਦੇ ਸਾਬਕਾ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨਾਲ ਵਿਸ਼ੇਸ਼ ਮੁਲਾਕਾਤ ਕੀਤੀ ਗਈ। ਮੀਟਿੰਗ ਦੌਰਾਨ ਉਨ੍ਹਾਂ ਨੇ ਜ਼ਿਲ੍ਹਾ ਗੁਰਦਾਸਪੁਰ ਵਿੱਚ ਆਮ ਆਦਮੀ ਪਾਰਟੀ ਦੀ ਸੂਬਾ ਸਰਕਾਰ ਵੱਲੋਂ ਕਰਵਾਏ ਜਾ ਰਹੇ ਵੱਖ-ਵੱਖ ਵਿਕਾਸ ਪ੍ਰੋਜੈਕਟਾਂ ਬਾਰੇ ਜਾਣਕਾਰੀ ਸਾਂਝੀ ਕੀਤੀ ਅਤੇ ਨਾਲ ਹੀ ਅਗਾਮੀ ਜ਼ਿਲ੍ਹਾ ਪ੍ਰੀਸ਼ਦ ਅਤੇ ਬਲਾਕ ਸੰਮਤੀ ਚੋਣਾਂ ਬਾਰੇ ਵੀ ਵਿਚਾਰਾਂ ਕੀਤੀਆਂ। ਸੇਖਵਾਂ ਨੇ ਦੱਸਿਆ ਕਿ ਇਸ ਮੁਲਾਕਾਤ ਦੌਰਾਨ ਪੰਜਾਬ ਦੇ ਭਵਿੱਖ, ਸਿੱਖਿਆ ਸੰਸਕਾਰਾਂ ਅਤੇ ਸਾਫ਼ ਸਿਆਸਤ ਦੇ ਮਹੱਤਵ ਬਾਰੇ ਚਰਚਾ ਕੀਤੀ ਗਈ। ਉਨ੍ਹਾਂ ਕਿਹਾ ਕਿ ਸ੍ਰੀ ਅਰਵਿੰਦ ਕੇਜਰੀਵਾਲ ਦੀ ਭਾਰਤ ਲਈ ਰਾਸ਼ਟਰੀ ਦ੍ਰਿਸ਼ਟੀ ਅਤੇ ਖ਼ਾਸ ਤੌਰ 'ਤੇ ਪੰਜਾਬ ਲਈ ਉਨ੍ਹਾਂ ਦੀ ਸੋਚ ਬਹੁਤ ਹੀ ਪ੍ਰਭਾਵਸ਼ਾਲੀ ਅਤੇ ਪ੍ਰੇਰਨਾਦਾਇਕ ਹੈ। ਮੀਟਿੰਗ ਦੌਰਾਨ ਚੇਅਰਮੈਨ ਸੇਖਵਾਂ ਵੱਲੋਂ ਜ਼ਿਲ੍ਹਾ ਗੁਰਦਾਸਪੁਰ ਅਤੇ ਖਾਸ ਕਰਕੇ ਵਿਧਾਨ ਸਭਾ ਹਲਕਾ ਕਾਦੀਆਂ ਦੇ ਸਰਬਪੱਖੀ ਵਿਕਾਸ ਲਈ ਮੁੱਦੇ ਵਿਚਾਰੇ ਗਏ। ਇਸ ਮੌਕੇ ਸੇਖਵਾਂ ਨੇ ਪਿੰਡ ਡੱਲਾ ਗੋਰੀਆਂ ਵਿਖੇ ਬਣ ਰਹੇ ਸੈਨਿਕ ਸਕੂਲ, ਕਾਦੀਆਂ ਅਤੇ ਧਾਰੀਵਾਲ ਸ਼ਹਿਰਾਂ ਵਿੱਚ ਸੀਵਰੇਜ ਸਪਲਾਈ ਪਾਉਣ, ਧਾਰੀਵਾਲ ਵੂਲਨ ਮਿੱਲ ਨੂੰ ਮੁੜ ਸ਼ੁਰੂ ਕਰਨ, ਕਲਾਨੌਰ ਵਿਖੇ ਗੰਨਾ ਰਿਸਰਚ ਇੰਸਟੀਚਿਊਟ ਅਤੇ ਦੀਨਾਨਗਰ ਵਿਖੇ ਲੀਚੀ ਰਿਸਰਚ ਅਤੇ ਪ੍ਰੋਸੈਸਿੰਗ ਯੂਨਿਟ ਲਗਾਉਣ, ਅਚਲੇਸ਼ਵਰ ਧਾਮ ਦੇ ਸੁੰਦਰੀਕਰਨ ਪ੍ਰੋਜੈਕਟ, ਬਟਾਲਾ ਸਨਅਤ ਦੀ ਮੁੜ-ਸੁਰਜੀਤੀ ਅਤੇ ਸਹਿਕਾਰੀ ਖੰਡ ਮਿੱਲ ਪਨਿਆੜ (ਗੁਰਦਾਸਪੁਰ) ਦੀ ਸਮਰੱਥਾ ਵਧਾਉਣ ਬਾਰੇ ਚੱਲ ਰਹੇ ਪ੍ਰੋਜੈਕਟਾਂ ਬਾਰੇ ਚਰਚਾ ਕੀਤੀ। ਉਨ੍ਹਾਂ ਕਿਹਾ ਕਿ ਸਿੱਖਿਆ ਕ੍ਰਾਂਤੀ ਜ਼ਰੀਏ ਸਰਕਾਰੀ ਸਕੂਲਾਂ ਵਿੱਚ ਸਿੱਖਿਆ ਦਾ ਮਿਆਰ ਉੱਚਾ ਹੋਇਆ ਹੈ। ਇਸ ਮੌਕੇ ਆਮ ਆਦਮੀ ਪਾਰਟੀ ਦੇ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਚੇਅਰਮੈਨ ਜਗਰੂਪ ਸਿੰਘ ਸੇਖਵਾਂ ਨੂੰ ਅਸ਼ੀਰਵਾਦ ਤੇ ਥਾਪੜਾ ਦਿੰਦਿਆਂ ਕਿਹਾ ਕਿ ਉਹ ਲੋਕਾਂ ਦੀ ਸੇਵਾ ਪੂਰੀ ਮਿਹਨਤ ਤੇ ਤਨਦੇਹੀ ਨਾਲ ਕਰਨ। ਇਸ ਮੌਕੇ ਉਨ੍ਹਾਂ ਸਵਰਗੀ ਜਥੇਦਾਰ ਸੇਵਾ ਸਿੰਘ ਸੇਖਵਾਂ ਦੇ ਯੋਗਦਾਨ ਨੂੰ ਵੀ ਯਾਦ ਕੀਤਾ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਸੂਬੇ ਦੇ ਸਰਬਪੱਖੀ ਵਿਕਾਸ ਲਈ ਵਚਨਬੱਧ ਹੈ।

ਭਾਜਪਾ ਲੀਡਰ ਦੇ ਘਰ 'ਤੇ ਗ੍ਰਨੇਡ ਹਮਲੇ ਦੇ ਰੋਸ ਵਜੋਂ ਪੰਜਾਬ ਸਰਕਾਰ ਦਾ ਪੁਤਲਾ ਫੂਕਿਆ

ਬਟਾਲਾ, (ਤਰਲੋਕ ਬੱਗਾ)- ਬੀਤੀ ਦੇਰ ਰਾਤ ਭਾਜਪਾ ਦੇ ਸੀਨੀਅਰ ਲੀਡਰ ਅਤੇ ਸਾਬਕਾ ਮੰਤਰੀ ਮਨੋਰੰਜਨ ਕਾਲੀਆ ਦੇ ਘਰ 'ਤੇ ਗ੍ਰਨੇਡ ਹਮਲਾ ਹੋਇਆ ਜਿਸ ਦੇ ਰੋਸ ਵਜੋਂ ਅੱਜ ਬਟਾਲਾ ਵਿਚ ਭਾਜਪਾ ਦੇ ਜ਼ਿਲ੍ਹਾ ਪ੍ਰਧਾਨ ਹੀਰਾ ਵਾਲੀਆ ਦੀ ਅਗਵਾਈ ਹੇਠ ਭਾਜਪਾ ਨੇ ਪੰਜਾਬ ਸਰਕਾਰ ਦਾ ਪੁਤਲਾ ਫੂਕਿਆ। ਇਸ ਮੌਕੇ ਗੱਲਬਾਤ ਕਰਦਿਆਂ ਹੀਰਾ ਵਾਲੀਆ ਨੇ ਕਿਹਾ ਕਿ ਪੰਜਾਬ ਅੰਦਰ ਲਗਾਤਾਰ ਧਮਾਕੇ ਹੋਣਾ ਚਿੰਤਾ ਵਾਲੀ ਗੱਲ ਹੈ। ਉਨ੍ਹਾਂ ਕਿਹਾ ਕਿ ਪੰਜਾਬ ਪੁਲਿਸ 'ਆਪ' ਨੇਤਾਵਾਂ ਨੂੰ ਹੀ ਸੁਰੱਖਿਆ ਦੇ ਰਹੀ ਹੈ ਤੇ ਸੂਬੇ ਦਾ ਕਾਨੂੰਨ ਵਿਵਸਥਾ ਦਾ ਮਾੜਾ ਹਾਲ ਹੈ। ਉਨ੍ਹਾਂ ਕਿਹਾ ਕਿ ਇਹ ਹਮਲਾ ਕਿਸੇ ਸ਼ਾਤਰ ਦਿਮਾਗ ਦੀ ਚਾਲ ਹੈ ਤੇ ਪੁਲਸ ਇਸ ਨੂੰ ਮਹਿਜ਼ ਮਾਮੂਲੀ ਧਮਾਕਾ ਹੀ ਦੱਸ ਰਹੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਵਿਚ ਬੰਗਾਲ ਵਾਲਾ ਹਾਲ ਹੋ ਰਿਹਾ ਹੈ ਤੇ ਇੰਟੈਲੀਜੈਂਸ ਕੀ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਇਸ ਹਮਲੇ ਲਈ ਮੁੱਖ ਮੰਤਰੀ ਤੇ ਡੀ.ਜੀ.ਪੀ. ਪੰਜਾਬ ਬਰਾਬਰ ਦੇ ਜ਼ਿੰਮੇਵਾਰ ਹਨ। ਸਭ ਤੋਂ ਪਹਿਲਾਂ, ਮੋਹਾਲੀ ਹੈੱਡਕੁਆਰਟਰ ਵਾਲੇ ਘਰ 'ਤੇ ਰਾਕੇਟ ਲਾਂਚਰ ਨਾਲ ਹਮਲਾ ਕੀਤਾ ਗਿਆ। ਇਸ ਤੋਂ ਬਾਅਦ ਇਹ ਸਿਲਸਿਲਾ ਨਹੀਂ ਰੁਕਿਆ। ਉਹਨਾਂ ਕਿਹਾ ਲਗਾਤਾਰ ਪੰਜਾਬ ਅੰਦਰ ਇਹ ਘਟਨਾਵਾਂ ਵਾਪਰ ਰਹੀਆਂ ਹਨ ਜਿਸ ਨੂੰ ਰੋਕਣ ਵਿਚ ਸੂਬਾ ਸਰਕਾਰ ਅਤੇ ਪੰਜਾਬ ਪੁਲਸ ਪੂਰੀ ਤਰ੍ਹਾਂ ਅਸਫਲ ਨਜ਼ਰ ਆ ਰਹੀ ਹੈ। ਹੀਰਾ ਵਾਲੀਆ ਨੇ ਕਿਹਾ ਕਿ ਜੇਕਰ ਸੂਬੇ ਅੰਦਰ ਰਾਜਨੀਤਿਕ ਲੀਡਰ ਹੀ ਸੁਰੱਖਿਅਤ ਨਹੀਂ ਹਨ ਤਾਂ ਆਮ ਲੋਕਾਂ ਦਾ ਕੀ ਹਾਲ ਹੋਵੇਗਾ। ਜ਼ਿਲ੍ਹਾ ਪ੍ਰਧਾਨ ਹੀਰਾ ਵਾਲੀਆ, ਰੌਸ਼ਨ ਲਾਲ, ਸ਼ਕਤੀ ਸ਼ਰਮਾ, ਭਾਰਤ ਭੂਸ਼ਣ ਲੂਥਰਾ, ਸੀਨੀਅਰ ਲੀਡਰ ਭੂਸ਼ਣ ਬਜਾਜ, ਸਿਟੀ ਮੰਡਲ ਪ੍ਰਦਾਨ ਪੰਕਜ ਸ਼ਰਮਾ, ਸਿਟੀ ਮੰਡਲ ਜਨਰਲ ਸੈਕਟਰੀ ਸ਼ਕਤੀ ਸ਼ਰਮਾ, ਸੰਦੀਪ ਅਜ਼ਾਦ, ਰੋਹਿਤ ਸੈਲੀ, ਅਮਨਜੋਤ ਸਿੰਘ, ਵਿਕੀ ਕੁਸ਼ਲ, ਅਮਿਤ ਚੀਮਾ, ਪਲਵਿੰਦਰ ਸਿੰਘ ਚੀਮਾ, ਸਵਿੰਦਰ ਸਿੰਘ, ਤਿਲਕ ਰਾਜ, ਵੇਦ ਪ੍ਰਕਾਸ਼ ਸੁਵਿੰਦਰ ਸਿੰਘ ਖਹਿਰਾ ਆਦਿ ਹਾਜ਼ਰ ਸਨ।

ਸ੍ਰੀ ਬ੍ਰਾਹਮਣ ਸਭਾ ਨੇ ਮੀਟਿੰਗ ਦੌਰਾਨ ਕੀਤੀਆਂ ਅਹਿਮ ਵਿਚਾਰਾਂ

ਫਤਿਹਗੜ੍ਹ ਚੂੜੀਆਂ, (ਜਸਦੇਵ ਸਿੰਘ ਮਾਨ)- ਸ੍ਰੀ ਬ੍ਰਾਹਮਣ ਸਭਾ ਫਤਿਹਗੜ੍ਹ ਚੂੜੀਆਂ ਦੇ ਮੈਂਬਰਾਂ ਦੀ ਅੱਜ ਇੱਕ ਮੀਟਿੰਗ ਹੋਈ। ਇਸ ਮੌਕੇ ਇੱਕ ਲਿਖਤੀ ਪ੍ਰੈਸ ਨੋਟ ਰਾਹੀਂ ਜਾਣਕਾਰੀ ਦਿੰਦਿਆਂ ਦੱਸਿਆ ਕਿ ਸ੍ਰੀ ਬ੍ਰਾਹਮਣ ਸਭਾ ਫਤਿਹਗੜ੍ਹ ਚੂੜੀਆਂ ਜੋ ਕਿ ਇਕ ਰਜਿਸਟਰਡ ਸੰਸਥਾ ਹੈ, ਇਹ ਸੰਸਥਾ ਦੇ ਸਾਰੇ ਮੈਂਬਰ ਵੀ ਰਜਿਸਟਰਡ ਹੁੰਦੇ ਹਨ। ਜੋ ਕਿ ਹਰ ਸਾਲ ਆਪਣੀ ਮੈਂਬਰਸ਼ਿਪ (ਚੰਦਾ) ਜਮ੍ਹਾਂ ਕਰਵਾਉਂਦੇ ਹਨ। ਚੰਦਾ ਜਮ੍ਹਾਂ ਨਾ ਕਰਾਉਣ ਦੀ ਸੂਰਤ ਵਿੱਚ ਉਸ ਦੀ ਮੈਂਬਰਸ਼ਿਪ ਖਾਰਜ ਕਰ ਦਿੱਤੀ ਜਾਂਦੀ ਹੈ। ਸਭਾ ਦੇ ਮੈਂਬਰਾਂ ਨੇ ਦੱਸਿਆ ਕਿ ਸ੍ਰੀ ਬ੍ਰਾਹਮਣ ਸਭਾ ਫਤਿਹਗੜ੍ਹ ਚੂੜੀਆਂ ਰਜਿਸਟਰਡ ਦੇ ਪ੍ਰਧਾਨ ਦੀ ਚੋਣ ਰਜਿਸਟਰਡ ਮੈਂਬਰ ਹੀ, ਜਿਨ੍ਹਾਂ ਦੀ ਰਜਿਸਟਰ ਫੀਸ ਚਾਰ ਸਾਲ ਲਗਾਤਾਰ ਆਈ ਹੋਵੇ, ਉਹ ਹੀ ਮੈਂਬਰ ਕਰ ਸਕਦੇ ਹਨ। ਪ੍ਰਧਾਨ ਦੀ ਮਿਆਦ ਦੋ ਸਾਲ ਦੀ ਹੁੰਦੀ ਹੈ। ਜੇ ਫਿਰ ਰਜਿਸਟਰਡ ਮੈਂਬਰ ਚਾਹੁਣ ਤੇ ਪ੍ਰਧਾਨ ਨੂੰ ਦੋ ਸਾਲ ਦਾ ਇੱਕ ਹੋਰ ਮੌਕਾ ਦਿੱਤਾ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਸਭਾ ਦੇ ਸੰਵਿਧਾਨ ਦੇ ਮੁਤਾਬਿਕ ਉਹ ਤੀਸਰੀ ਵਾਰੀ ਪ੍ਰਧਾਨ ਨਹੀਂ ਬਣ ਸਕਦਾ ਅਤੇ ਪ੍ਰਧਾਨ ਨੂੰ ਹੀ ਸਭਾ ਭੰਗ ਕਰਨ ਦਾ ਅਧਿਕਾਰ ਹੁੰਦਾ ਹੈ । ਇਸ ਤੋਂ ਇਲਾਵਾ ਹੋਰ ਕੋਈ ਵੀ ਬ੍ਰਾਹਮਣ ਸਭਾ ਫਤਿਹਗੜ੍ਹ ਚੂੜੀਆਂ ਰਜਿਸਟਰਡ ਸੰਸਥਾ ਵਿੱਚ ਦਖਲ ਅੰਦਾਜ਼ੀ ਨਹੀਂ ਕਰ ਸਕਦਾ। ਕਿਉਂਕਿ ਇਹ ਇੱਕ ਸੰਵਿਧਾਨਿਕ ਸਭਾ ਹੈ। ਇਸ ਮੌਕੇ ਬ੍ਰਾਹਮਣ ਸਭਾ ਦੇ ਪ੍ਰਧਾਨ ਪੰਡਿਤ ਸੰਦੀਪ ਸ਼ਰਮਾ, ਜਨਰਲ ਸੈਕਟਰੀ ਰੋਹਿਤ ਸ਼ਰਮਾ, ਰਾਮਪਾਲ, ਰਾਜੇਸ਼ ਕੁਮਾਰ, ਹੀਰਾ ਲਾਲ, ਰਜੀਵ, ਭੂਸ਼ਣ ਜੋਸ਼ੀ, ਅੰਕੁਸ਼ ਜੋਸ਼ੀ, ਪ੍ਰੇਮ ਕੁਮਾਰ ਆਦਿ ਹਾਜ਼ਰ ਸਨ।

ਮੱਤੇਵਾਲ 'ਚ ਗੁਰਮਤਿ ਸਮਾਗਮ ਕਰਵਾਇਆ

ਝਬਾਲ (ਮੱਖਣ ਮਨੋਜ)-ਤਰਨ ਤਾਰਨ ਦੇ ਵਿਧਾਇਕ ਡਾ. ਕਸ਼ਮੀਰ ਸਿੰਘ ਸੋਹਲ ਨੇ ਬੀਤੇ ਦਿਨੀਂ ਹਲਕਾ ਤਰਨ ਤਾਰਨ ਦੇ ਪੰਜ ਸਕੂਲਾਂ ਵਿੱਚ ਲਗਭਗ ਇਕ ਕਰੋੜ ਪੰਜ ਲੱਖ ਰੁਪਏ ਦੀ ਲਾਗਤ ਨਾਲ ਆਧੁਨਿਕ ਕਮਰੇ, ਪ੍ਰਯੋਗਸ਼ਾਲਾਵਾਂ, ਪਖਾਨੇ ਅਤੇ ਚਾਰਦੀਵਾਰੀਆਂ ਦੀਆਂ ਪ੍ਰਦਾਨ ਕੀਤੀਆਂ ਸਹੂਲਤਾਂ ਦਾ ਰਸਮੀ ਉਦਘਾਟਨ ਕੀਤਾ। ਸਿੱਖਿਆ ਕ੍ਰਾਂਤੀ ਤਹਿਤ ਆਧੁਨਿਕ ਸਹੂਲਤਾਂ ਪ੍ਰਾਪਤ ਕਰਨ ਵਾਲੇ ਸਕੂਲਾਂ ਵਿੱਚ ਸਰਕਾਰੀ ਹਾਈ ਸਕੂਲ ਸਰਾਏ ਅਮਾਨਤ ਖਾਂ, ਸਰਕਾਰੀ ਐਲੀਮੈਂਟਰੀ ਅਤੇ ਹਾਈ ਸਕੂਲ ਖੈਰਦੀਨ ਕੇ, ਸਰਕਾਰੀ ਹਾਈ ਸਕੂਲ ਮੂਸੇ ਅਤੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਗੱਗੋਬੂਆ ਦੇ ਨਾਂ ਸ਼ਾਮਲ ਹਨ। ਇਸ ਮੌਕੇ ਸਿੱਖਿਆ ਵਿਭਾਗ ਦੇ ਅਧਿਕਾਰੀਆਂ ਤੋਂ ਬਿਨਾਂ ਚੇਅਰਮੈਨ ਮਾਰਕੀਟ ਕਮੇਟੀ ਤਰਨ ਤਾਰਨ ਕੁਲਦੀਪ ਸਿੰਘ ਰੰਧਾਵਾ, ਚੇਅਰਮੈਨ ਮਾਰਕੀਟ ਕਮੇਟੀ ਝਬਾਲ ਬਲਵਿੰਦਰ ਸਿੰਘ ਕੋਟ ਸਿਵਿਆਂ, ਸਰਪੰਚ ਗੁਰਚਰਨ ਸਿੰਘ ਖੈਰਦੀਨਕੇ, ਮਾਸਟਰ ਗੁਰਵਿੰਦਰ ਸਿੰਘ ਪਲਾਸੋਰ, ਸਰਪੰਚ ਵੱਸਣ ਸਿੰਘ, ਸਾਧਾ ਸਿੰਘ, ਨੋਵਲ ਮਾਸਟਰ ਪ੍ਰਭਜੀਤ ਸਿੰਘ ਗੋਹਲਵੜ, ਦੇਵ ਸਿੰਘ ਸੋਨੂੰ ਮੀਡੀਆ ਇੰਚਾਰਜ, ਸਾਗਰਦੀਪ ਸਿੰਘ ਸਮੇਤ ਵੱਡੀ ਗਿਣਤੀ ਵਿੱਚ ਆਪ ਆਗੂ ਹਾਜ਼ਰ ਸਨ। ਵੱਖ ਵੱਖ ਸਕੂਲਾਂ ਦੇ ਉਦਘਾਟਨ ਮੌਕੇ ਵਿਧਾਇਕ ਡਾ. ਸੋਹਲ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਆਪ ਸਰਕਾਰ ਪੰਜਾਬ ਵਿੱਚ ਬਿਹਤਰ ਸਿੱਖਿਆ ਪ੍ਰਦਾਨ ਕਰਨ ਦੇ ਵਾਅਦੇ ਨੂੰ ਪੂਰਾ ਕਰਨ ਲਈ ਸਕੂਲਾਂ ਵਿੱਚ ਸਾਰੀਆਂ ਆਧੁਨਿਕ ਸਹੂਲਤਾਂ ਪ੍ਰਦਾਨ ਕਰ ਰਹੀ ਹੈ। ਉਹਨਾਂ ਕਿਹਾ ਕਿ ਹੁਣ ਸਰਕਾਰੀ ਸਕੂਲ ਪ੍ਰਾਈਵੇਟ ਸਕੂਲਾਂ ਦਾ ਮੁਕਾਬਲਾ ਕਰ ਰਹੇ ਹਨ, ਜਿੱਥੇ ਬੱਚਿਆਂ ਨੂੰ ਮੁਫਤ ਵਰਦੀ, ਕਿਤਾਬਾਂ, ਵਜ਼ੀਫੇ, ਦੁਪਹਿਰ ਦਾ ਖਾਣਾ ਆਦਿ ਸਹੂਲਤਾਂ ਪ੍ਰਦਾਨ ਕੀਤੀਆਂ ਜਾ

11-APR-PAGE-7.qxd 4/10/2025 10:44 PM Page 1

ਗੁੰਮਟੀ 'ਚ ਭਾਕਿਯੂ ਉਗਰਾਹਾਂ ਵੱਲੋਂ ਪਿੰਡ ਇਕਾਈ ਦਾ ਗਠਨ

ਮਹਿਲ ਕਲਾਂ (ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ)- ਪਿੰਡ ਗੁੰਮਟੀ ਵਿਖੇ ਕਿਸਾਨ ਵਰਕਰਾਂ ਦੀ ਭਰਵੀਂ ਮੀਟਿੰਗ ਹੋਈ।ਇਸ ਮੌਕੇ ਕਿਸਾਨ ਆਗੂਆਂ ਨੇ ਕੇਂਦਰ ਤੇ ਰਾਜ ਸਰਕਾਰ ਵਿਰੁੱਧ ਨਾਅਰੇਬਾਜ਼ੀ ਕਰਕੇ ਕਿਸਾਨਾਂ ਦੀਆਂ ਮੰਗਾਂ ਪੂਰੀਆਂ ਕਰਨ ਦੀ ਮੰਗ ਕੀਤੀ। ਜ਼ਿਲ੍ਹਾ ਮੀਤ ਪ੍ਰਧਾਨ ਬੁੱਕਣ ਸਿੰਘ ਸੱਦੋਵਾਲ, ਨਾਹਰ ਸਿੰਘ ਗੁੰਮਟੀ, ਕੁਲਦੀਪ ਸਿੰਘ ਵਜੀਦਕੇ ਨੇ ਕਿਹਾ ਕਿ ਕਿਸਾਨਾਂ ਨੂੰ ਸਰਕਾਰਾਂ ਦੇ ਆਸਰੇ ਰਹਿਣ ਦੀ ਬਜਾਏ ਇਕੱਠੇ ਹੋ ਕੇ ਸੰਘਰਸ਼ ਕਰਨਾ ਪਵੇਗਾ।ਉਨ੍ਹਾਂ ਕਿਹਾ ਕਿ ਸੂਬਾ ਕਮੇਟੀ ਦੇ ਨਿਰਦੇਸ਼ਾਂ ਅਨੁਸਾਰ ਪਿੰਡ ਪੱਧਰ 'ਤੇ ਨਵੀਆਂ ਇਕਾਈਆਂ ਬਣਾਉਣ ਦਾ ਮਕਸਦ ਮਿਹਨਤੀ ਵਰਕਰਾਂ ਨੂੰ ਅੱਗੇ ਲਿਆਉਣਾ ਹੈ। ਭਾਕਿਯੂ ਉਗਰਾਹਾਂ ਦੀ ਪਿੰਡ ਗੁੰਮਟੀ ਇਕਾਈ ਦੀ ਚੋਣ ਸਰਬਸੰਮਤੀ ਨਾਲ ਕੀਤੀ ਗਈ, ਜਿਸ ਵਿੱਚ ਪ੍ਰਧਾਨ: ਨਿਸ਼ਾਨ ਸਿੰਘ ਗੁੰਮਟੀ, ਮੀਤ ਪ੍ਰਧਾਨ ਭੋਲਾ ਸਿੰਘ, ਜਰਨਲ ਸਕੱਤਰ: ਕਰਤਾਰ ਸਿੰਘ ਕਾਲਾ, ਸਹਾਇਕ ਸਕੱਤਰ: ਪ੍ਰੇਮ ਸਿੰਘ, ਖਜਾਨਚੀ: ਬਲਜੀਤ ਸਿੰਘ ਭੋਲਾ, ਸਹਾਇਕ ਖਜ਼ਾਨਚੀ ਭੁਪਿੰਦਰ ਸਿੰਘ, ਸਕੱਤਰ: ਬੱਗਾ ਸਿੰਘ ਤੇ ਮੈਂਬਰ ਮੱਖਣ ਸਿੰਘ ਨੂੰ ਚੁਣਿਆ ਗਿਆ।

ਬੀ ਐੱਸ ਸੀ ਦਾ ਨਤੀਜਾ ਸ਼ਾਨਦਾਰ ਰਿਹਾ

ਫ਼ਿਰੋਜ਼ਪੁਰ (ਗੁਰਬਚਨ ਸਿੰਘ)-ਸ਼ਹੀਦ ਭਗਤ ਸਿੰਘ ਕਾਲਜ ਆਫ ਨਰਸਿੰਗ ਸੋਢੇਵਾਲਾ, ਫ਼ਿਰੋਜ਼ਪੁਰ ਵਿਖੇ ਬੀਐੱਸਸੀ ਨਰਸਿੰਗ (2020-24) ਚੌਥੇ ਸਾਲ ਦੇ ਵਿਦਿਆਰਥੀਆਂ ਦਾ ਨਤੀਜਾ ਸ਼ਾਨਦਾਰ ਰਿਹਾ, ਜਿਸ ਵਿੱਚ ਪ੍ਰਭਦੀਪ ਕੌਰ ਸਪੁੱਤਰੀ ਕੁਲਵੰਤ ਸਿੰਘ ਨੇ ਪਹਿਲੇ ਦਰਜੇ, ਗੀਸ਼ੂ ਸਪੁੱਤਰੀ ਸਤਨਾਮ ਸਿੰਘ ਨੇ ਦੂਜੇ ਦਰਜੇ, ਲਵਪ੍ਰੀਤ ਕੌਰ ਸਪੁੱਤਰੀ ਜਗਜੀਤ ਸਿੰਘ ਨੇ ਤੀਜੇ ਦਰਜੇ ਵਿੱਚ ਪ੍ਰੀਖਿਆ ਪਾਸ ਕੀਤੀ। ਧਰਮਪਾਲ ਬਾਂਸਲ (ਡਾਇਰੈਕਟਰ ਸ਼ਹੀਦ ਭਗਤ ਸਿੰਘ ਕਾਲਜ ਆਫ਼ ਨਰਸਿੰਗ ਸੋਢੇਵਾਲਾ, ਫ਼ਿਰੋਜ਼ਪੁਰ) ਵੱਲੋਂ ਵਿਦਿਆਰਥੀਆ ਨੂੰ ਵਧਾਈ ਦਿੰਦੇ ਹੋਏ ਕਿਹਾ ਗਿਆ ਕਿ ਇਸ ਸ਼ਾਨਦਾਰ ਨਤੀਜੇ ਲਈ ਵਿਦਿਆਰਥੀ ਤੇ ਅਧਿਆਪਕ ਦੋਵੇਂ ਵਧਾਈ ਦੇ ਪਾਤਰ ਹਨ। ਪੜ੍ਹਾਈ ਦੁਨੀਆ ਵਿੱਚ ਅਗਾਂਹ ਵਧਣ ਤੇ ਗਿਆਨਵਾਨ ਬਣਾ ਕੇ ਜ਼ਿੰਦਗੀ ਵਿੱਚ ਅੱਗੇ ਵਧਣ ਦੇ ਕਾਬਲ ਬਣਾਉਂਦੀ ਹੈ। ਮਾਡਰਨ ਯੁੱਗ ਵਿੱਚ ਪੜ੍ਹਾਈ ਹੀ ਮਨੁੱਖ ਦੀ ਸੱਚੀ ਦੋਸਤ ਹੈ। ਉਨ੍ਹਾਂ ਵੱਲੋਂ ਸਮੇਂ-ਸਮੇਂ ਤੇ ਸਿੱਖਿਆ ਦੇ ਮਿਆਰ ਨੂੰ ਉੱਪਰ ਚੁੱਕਣ ਲਈ ਉਪਰਾਲੇ ਕੀਤੇ ਜਾਂਦੇ ਹਨ, ਜਿਸ ਦੇ ਨਤੀਜੇ ਵਜੋਂ ਇੱਕ ਵੱਖਰੀ ਪਛਾਣ ਕਾਇਮ ਕੀਤੀ ਹੈ। ਪ੍ਰਿੰਸੀਪਲ ਡਾ. ਮਨਜੀਤ ਕੌਰ ਸਲਵਾਨ ਵੱਲੋਂ ਬੱਚਿਆ ਨੂੰ ਵਧਾਈ ਦਿੰਦੇ ਹੋਏ ਕਿਹਾ ਗਿਆ ਕਿ ਇਹ ਸਟਾਫ ਅਤੇ ਬੱਚਿਆਂ ਦੀ ਸਖਤ ਮਿਹਨਤ ਦਾ ਨਤੀਜਾ ਹੈ, ਕਿਉਂਕਿ ਹੋਣਹਾਰ ਸਟਾਫ਼ ਤੇ ਸਾਰਿਆਂ ਦੀ ਮਿਹਨਤ ਨਾਲ ਹੀ ਸ਼ਾਨਦਾਰ ਨਤੀਜਾ ਆ ਸਕਦਾ ਹੈ। ਉਨ੍ਹਾਂ ਵੱਲੋਂ ਸਟਾਫ਼ ਤੇ ਵਿਦਿਆਰਥੀਆਂ ਨੂੰ ਅੱਗੇ ਹੋਰ ਮਿਹਨਤ ਕਰਨ ਲਈ ਪ੍ਰੇਰਿਆ ਗਿਆ ਤਾਂ ਜੁ ਹੋਰ ਵੀ ਵਧੀਆ ਨਤੀਜੇ ਲਿਆਂਦੇ ਜਾ ਸਕਣ ਅਤੇ ਬੱਚਿਆਂ ਦੇ ਉੱਜਵਲ ਭਵਿੱਖ ਦੀ ਕਾਮਨਾ ਕੀਤੀ ਗਈ। ਕਾਲਜ ਵੱਲੋਂ ਸਮੇਂ ਸਮੇਂ 'ਤੇ ਸੈਮੀਨਾਰ ਕਰਾਏ ਜਾਂਦੇ ਹਨ ਤਾਂ ਜੁ ਅਧਿਆਪਕਾਂ ਤੇ ਵਿਦਿਆਰਥੀਆਂ ਦੀ ਜਾਣਕਾਰੀ ਵਿੱਚ ਵਾਧਾ ਕੀਤਾ ਜਾ ਸਕੇ। ਸ਼ਹੀਦ ਭਗਤ ਸਿੰਘ ਕਾਲਜ ਆਫ ਨਰਸਿੰਗ ਪਿਛਲੇ ਲਗਭਗ 15 ਸਾਲਾ ਤੋਂ ਮੈਡੀਕਲ ਖੇਤਰ ਵਿੱਚ, ਬੱਚਿਆਂ ਨੂੰ ਨਰਸਿੰਗ ਕਿੱਤੇ ਦੇ ਨਾਲ-ਨਾਲ ਸਮਾਜ ਵਿੱਚ ਵਿਚਰਨ ਦੀ ਸਿੱਖਿਆ ਦਿੰਦਾ ਰਿਹਾ ਹੈ ਤੇ ਸਟਾਫ਼ ਦੀ ਮਿਹਨਤ ਸਦਕਾ ਤਰੱਕੀ ਕਰ ਰਿਹਾ ਹੈ ਤੇ ਵਿਦਿਆਰਥੀਆਂ ਦੇ ਉੱਜਵਲ ਭਵਿੱਖ ਦੀ ਕਾਮਨਾ ਕਰਦਾ ਹੈ।

ਪਿੰਗਲਵਾੜਾ ਵਿਖੇ ਨਵੇਂ ਆਡੀਟੋਰੀਅਮ ਤੇ ਅਜਾਇਬ ਘਰ ਦੀ ਉਸਾਰੀ ਸ਼ੁਰੂ

ਸੰਗਰੂਰ (ਪ੍ਰਵੀਨ ਸਿੰਘ)-ਆਲ ਇੰਡੀਆ ਪਿੰਗਲਵਾੜਾ ਚੈਰੀਟੇਬਲ ਸੁਸਾਇਟੀ ਅੰਮ੍ਰਿਤਸਰ ਸ਼ਾਖਾ ਸੰਗਰੂਰ ਵਿਖੇ ਨਵੇਂ ਆਡੀਟੋਰਅਮ ਤੇ ਅਜਾਇਬ ਘਰ ਦੀ ਬਿਲਡਿੰਗ ਦੀ ਉਸਾਰੀ ਲਈ ਵਿਸ਼ੇਸ਼ ਸਮਾਗਮ ਹਰਜੀਤ ਸਿੰਘ ਅਰੋੜਾ ਤੇ ਮਾਸਟਰ ਸਤਪਾਲ ਸ਼ਰਮਾ ਦੀ ਅਗਵਾਈ ਹੇਠ ਕੀਤਾ ਗਿਆ। ਇਸ ਸਬੰਧੀ ਜਾਣਕਾਰੀ ਦਿੰਦਿਆਂ ਡਾ: ਇੰਦਰਜੀਤ ਕੌਰ ਪ੍ਰਧਾਨ ਸੁਸਾਇਟੀ ਨੇ ਦੱਸਿਆ ਕਿ ਸ਼ਾਖਾ ਦੇ 25ਵੇਂ ਸਿਲਵਰ ਜੁਬਲੀ ਸਥਾਪਨਾ ਦਿਵਸ ਦੀ ਖੁਸ਼ੀ ਵਿੱਚ ਇਹ ਨਵੀਂ ਬਿਲਡਿੰਗ ਤਿਆਰ ਕੀਤੀ ਜਾ ਰਹੀ ਹੈ, ਜਿਸ 'ਤੇ ਲਗਭਗ ਪੰਜ ਕਰੋੜ ਰੁਪਏ ਖਰਚੇ ਦਾ ਅਨੁਮਾਨ ਹੈ। ਉਨ੍ਹਾ ਕਿਹਾ ਕਿ ਜੋਧ ਸਿੰਘ ਆਰਕੀਟੈਕਚਰ ਅੰਮ੍ਰਿਤਸਰ ਤੇ ਪੂਜਾ ਕੁਮਾਰੀ ਅਸਿਸਟੈਂਟ ਟਾਊਨ ਪਲੈਨਰ ਜਲੰਧਰ ਵੱਲੋਂ ਤਿਆਰ ਕੀਤੇ ਨਕਸ਼ੇ ਅਨੁਸਾਰ ਇਸ ਆਡੀਟੋਰੀਅਮ ਵਿੱਚ ਵੱਖ ਵੱਖ ਵਿਸ਼ਿਆਂ 'ਤੇ ਸੈਮੀਨਾਰ, ਕਾਨਫਰੰਸਾਂ ਹੋਣਗੀਆਂ, ਜਦੋਂ ਕਿ ਅਜਾਇਬ ਘਰ ਵਿੱਚ ਭਗਤ ਪੂਰਨ ਸਿੰਘ ਦੀਆਂ ਯਾਦਾਂ ਤੇ ਉਨ੍ਹਾਂ ਦੇ ਸੰਦੇਸ਼ਾਂ 'ਤੇ ਅਧਾਰਤ ਪੇਂਟਿਗਜ਼ ਲਗਾਈਆਂ ਜਾਣਗੀਆਂ। ਸੁਰਿਦਰਪਾਲ ਸਿੰਘ ਸਿਦਕੀ ਵੱਲੋਂ ਮੂਲ ਮੰਤਰ ਦੇ ਜਾਪ ਤੇ ਅਰਦਾਸ ਤੋਂ ਉਪਰੰਤ ਤਰਲੋਚਨ ਸਿੰਘ ਚੀਮਾਂ ਮੁੱਖ ਪ੍ਰਬੰਧਕ ਸੰਗਰੂਰ ਨੇ ਪਹਿਲੀ ਇੱਟ ਨਾਲ ਨੀਂਹ ਰੱਖੀ। ਉਨ੍ਹਾਂ ਨਾਲ ਇਸ ਸਮੇਂ ਜੈ ਸਿੰਘ ਕੈਨੇਡਾ, ਪ੍ਰਕਾਸ਼ ਚੰਦ ਜੈਨ ਚੰਡੀਗੜ੍ਹ, ਜਸਕੀਰਤ ਸਿੰਘ ਲੁਧਿਆਣਾ ਤੇ ਮੇਜਰ ਸਿੰਘ ਮਸਾਣੀ ਸਰਪੰਚ ਨੇ ਪਹਿਲੀਆਂ ਪੰਜ ਇੱਟਾਂ ਰੱਖ ਕੇ ਜੈਕਾਰਿਆਂ ਦੀ ਗੂੰਜ ਵਿੱਚ ਉਸਾਰੀ ਸ਼ੁਰੂ ਕੀਤੀ। ਇਸ ਮੌਕੇ ਟਰੱਸਟੀ ਰਾਜਵੀਰ ਸਿੰਘ, ਐੱਸ. ਐੱਸ. ਛੀਨਾ, ਤਿਲਕ ਰਾਜ, ਜਗਦੀਪਕ ਸਿੰਘ, ਜਗਜੀਵਨ ਸਿੰਘ ਕੈਨੇਡਾ, ਡਾ: ਇਕਬਾਲ ਸਿੰਘ ਸਕਰੌਦੀ, ਮਨੋਜ ਕੁਮਾਰ ਤੋਂ ਇਲਾਵਾ ਕੈਪਟਨ ਨਰਿੰਦਰਪਾਲ ਸਿੰਘ, ਡਾ: ਏ. ਐੱਸ. ਮਾਨ, ਗੁਰਚਰਨ ਸਿੰਘ, ਡਾ: ਜਗਦੀਪ ਸਿੰਘ, ਕਰਮ ਸਿੰਘ ਨਮੋਲ, ਪ੍ਰਿੰਸੀਪਲ ਬਲਵੰਤ ਸਿੰਘ ਆਦਿ ਹਾਜ਼ਰ ਸਨ।

ਅੰਮ੍ਰਿਤ ਸੰਚਾਰ ਸਮਾਗਮ ਹੋਇਆ

ਨਿਹਾਲ ਸਿੰਘ ਵਾਲਾ (ਲਵਲੀ ਮਾਛੀਕੇ)-ਧਰਮ ਪ੍ਰਚਾਰ ਕਮੇਟੀ ਵੱਲੋਂ ਸ੍ਰੀ ਗੁਰੂ ਤੇਗ ਬਹਾਦਰ ਜੀ, ਭਾਈ ਦਿਆਲਾ ਜੀ, ਭਾਈ ਸਤੀ ਦਾਸ ਜੀ, ਭਾਈ ਮਤੀ ਦਾਸ ਜੀ ਦੇ 350 ਸਾਲਾਂ ਸ਼ਹੀਦੀ ਨੂੰ ਸਮਰਪਤ ਸਮਾਗਮਾਂ ਦੀ ਲੜੀ ਤਹਿਤ ਗੁਰਦੁਆਰਾ ਨਾਨਕਸਰ ਸਾਹਿਬ ਤਖਤੂਪੁਰਾ (ਮੋਗਾ) ਵਿਖੇ ਮਹਾਨ ਅੰਮ੍ਰਿਤ ਸੰਚਾਰ ਹੋਇਆ, ਜਿਸ ਵਿੱਚ 90 ਪ੍ਰਾਣੀਆਂ ਨੇ ਅੰਮ੍ਰਿਤ ਦੀ ਦਾਤ ਪ੍ਰਾਪਤ ਕੀਤੀ ਕਰਾਰ ਧਰਮ ਪ੍ਰਾਰ ਕਮੇਟੀ ਵੱਲੋਂ ਭੇਟਾ ਰਹਿਤ ਦਿੱਤੇ ਗਏ।ਇਸ ਮੌਕੇ ਹਰਜਿੰਦਰ ਸਿੰਘ ਐਡਵੋਕੇਟ ਪ੍ਰਧਾਨ ਅੰਮ੍ਰਿਤਸਰ ਸਾਹਿਬ, ਰਸੀਵਰ ਪ੍ਰਤਾਪ ਸਿੰਘ, ਜਥੇਦਾਰ ਗੁਰਮੇਲ ਸਿੰਘ ਸੰਗਤਪੁਰਾ, ਸਰਦਾਰ ਭੋਲਾ ਸਿੰਘ ਇੰਚਾਰਜ ਸਬ ਆਫਿਸ ਤਲਵੰਡੀ ਸਾਬੋ, ਦਿਲਬਾਗ ਸਿੰਘ ਮੈਨੇਜਰ, ਯਾਦਵਿੰਦਰ ਸਿੰਘ ਐਡੀਸ਼ਨਲ ਮੈਨੇਜਰ, ਕੁਲਜਿੰਦਰ ਸਿੰਘ ਮੀਤ ਮੈਨੇਜਰ ਤੇ ਭਾਈ ਬਲਵਿੰਦਰ ਸਿੰਘ ਭਾਗੀਕੇ ਆਦਿ ਹਾਜ਼ਰ ਸਨ।

ਬਿਮਾਰੀਆਂ ਬਾਰੇ ਜਾਂਚ ਕੈਂਪ ਲਾਇਆ

ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)-ਪੰਜਾਬ ਸਰਕਾਰ, ਸਿਹਤ ਵਿਭਾਗ ਵੱਲੋਂ ਲੋਕਾਂ ਨੂੰ ਵਧੀਆ ਸਿਹਤ ਸਹੂਲਤਾਂ ਮੁਹੱਈਆ ਕਰਾਉਣ ਦੇ ਉਦੇਸ਼ ਸਿਵਲ ਸਰਜਨ ਬਰਨਾਲਾ ਤਪਿੰਦਰ ਜੋਤ ਕੌਸਲ ਦੇ ਦਿਸ਼ਾ ਨਿਰਦੇਸ਼ਾਂ ਸੀ ਐਚ ਸੀ ਦੇ ਸੀਨੀਅਰ ਮੈਡੀਕਲ ਅਫਸਰ ਡਾ. ਗੁਰਤੇਜਿੰਦਰ ਕੌਰ ਤੇ ਡਾ. ਜਸਵਿੰਦਰ ਸਿੰਘ ਵਾਲੀਆ ਦੀ ਰਹਿਨੁਮਾਈ ਹੇਠ ਸੀ ਐਚ ਸੀ ਪਿੰਡ ਚੰਨਣਵਾਲ ਵਿਖੇ ਮੈਡੀਕਲ ਜਾਂਚ ਕੈਂਪ ਲਾਇਆ ਗਿਆ। ਮਾਹਿਰ ਡਾਕਟਰਾਂ ਦੀ ਟੀਮ ਵੱਲੋਂ ਸਾਹ ਦੀ ਬਿਮਾਰੀ (ਅਸਥਮਾ) ਤੇ ਦਮੇ ਦੇ ਮਰੀਜਾਂ ਦੇ ਸਪੀਰੋਮੀਟਰ ਟੈੱਸਟ ਕੀਤੇ ਗਏ। ਲੋੜਵੰਦ ਮਰੀਜ਼ਾਂ ਨੂੰ ਮੁਫ਼ਤ ਦਵਾਈਆਂ ਵੰਡੀਆਂ ਗਈਆਂ। ਇਸ ਮੌਕੇ 45 ਮਰੀਜ਼ਾਂ ਦੀ ਜਾਂਚ ਕੀਤੀ ਗਈ।ਸਰਪੰਚ ਕੁਲਵਿੰਦਰ ਕੌਰ ਚੰਨਣਵਾਲ ਨੇ ਸਿਹਤ ਵਿਭਾਗ ਵੱਲੋਂ ਪਿੰਡ ਪੱਧਰ 'ਤੇ ਦਿੱਤੀਆਂ ਜਾ ਰਹੀਆਂ ਸਿਹਤ ਸਹੂਲਤਾਂ ਦੀ ਸ਼ਲਾਘਾ ਕਰਦਿਆ ਕਿਹਾ ਕਿ ਪਿੰਡ ਵਾਸੀਆਂ ਲਈ ਸਿਹਤ ਕੈਂਪ ਬਹੁਤ ਫਾਇਦੇਮੰਦ ਸਾਬਤ ਹੋਣਗੇ।

ਇਲੈਕਟ੍ਰੋਨਿਕਸ ਤੇ ਕਮਿਊਨੀਕੇਸ਼ਨ ਇੰਜ: ਵਿਭਾਗ ਦੇ ਟੈਕਨਰਜ਼ ਕਲੱਬ ਨੇ ਕਰਾਈ ਵਰਕਸ਼ਾਪ

ਮਲੋਟ (ਓਮ ਪ੍ਰਕਾਸ਼ ਸ਼ੇਖੂ)- ਮਲੋਟ ਇੰਸਟੀਚਿਊਟ ਆਫ ਮੈਨੇਜਮੈਂਟ ਐਂਡ ਇਨਫਰਮੇਸ਼ਨ ਟੈਕਨਾਲੋਜੀ ਦੇ ਡਾਇਰੈਕਟਰ ਡਾ. ਜਸਕਰਨ ਸਿੰਘ ਭੁੱਲਰ ਦੇ ਦਿਸ਼ਾਂ ਨਿਰਦੇਸ਼ ਅਧੀਨ ਇਲੈਕਟ੍ਰੋਨਿਕਸ ਤੇ ਕਮਿਊਨੀਕੇਸ਼ਨ ਇੰਜੀਨੀਅਰਿੰਗ ਵਿਭਾਗ ਦੇ ਟੈਕਨਰਜ਼ ਕਲੱਬ ਦੁਆਰਾ ਇਕ ਰੋਜ਼ਾ ਵਰਕਸ਼ਾਪ ਕਰਾਈ ਗਈ।ਈ ਸੀ ਈ ਵਿਭਾਗ ਦੇ ਕੋਆਰਡੀਨੇਟਰ ਡਾ. ਦੀਪਿਕਾ ਜੈਨ ਨੇ ਦੱਸਿਆ ਕਿ ਡੀ ਟੂ ਔਟੋਮੇਸ਼ਨ ਪ੍ਰਾਈਵੇਟ ਲਿਮ: ਚੰਡੀਗੜ੍ਹ ਦੇ ਸਹਿਯੋਗ ਨਾਲ ਇੰਡਸਟ੍ਰੀਅਲ ਆਟੋਮੇਸ਼ਨ ਵਿਸ਼ੇ 'ਤੇ ਇੱਕ ਵਰਕਸ਼ਾਪ ਕਰਾਈ ਗਈ, ਜਿਸ ਵਿੱਚ 150 ਦੇ ਕਰੀਬ ਵਿਦਿਆਰਥੀਆਂ ਨੇ ਹਿੱਸਾ ਲਿਆ।ਇਸ ਵਰਕਸ਼ਾਪ ਵਿੱਚ ਡੀ ਟੂ ਆਟੋਮੇਸ਼ਨ ਪ੍ਰਾਈਵੇਟ ਲਿਮ: ਚੰਡੀਗੜ੍ਹ ਦੇ ਡਾਇਰੈਕਟਰ ਇੰਜੀ: ਨਵੀਨ ਝਾਅ ਤੇ ਡਾ. ਦੀਪਕ ਪਾਂਡੇ ਨੇ ਹਾਰਡਵੇਅਰ ਰਾਹੀਂ ਪ੍ਰੈਕਟੀਕਲੀ ਵਿਸਥਾਰ ਪੂਰਵਕ ਜਾਣਕਾਰੀ ਦੇ ਕੇ ਇੰਡਸਟ੍ਰੀਅਲ ਆਟੋਮੇਸ਼ਨ ਦੀ ਮਹਤੱਤਾ ਬਾਰੇ ਵਿਦਿਆਰਥੀਆ ਨੂੰ ਜਾਣੂ ਕਰਾਇਆ।ਸੰਸਥਾ ਦੇ ਡਾਇਰੈਕਟਰ ਡਾ. ਜਸਕਰਨ ਸਿੰਘ ਭੁੱਲਰ ਨੇ ਵਿਦਿਆਰਥੀਆਂ ਨਾਲ ਆਪਣੇ ਵਿਚਾਰ ਸਾਂਝੇ ਕੀਤੇ ਤੇ ਉਨ੍ਹਾਂ ਵਿਦਿਆਰਥੀਆਂ ਨੂੰ ਤਕਨੀਕੀ ਮੁਕਾਬਲਿਆਂ ਵਿੱਚ ਵੱਧ ਤੋਂ ਵੱਧ ਭਾਗ ਲੈਣ ਪ੍ਰੇਰਤ ਕੀਤਾ।

ਬਲਦੇਵ ਸਿੰਘ ਬੱਬੂ ਮੁੜ ਮਿੰਨੀ ਬੱਸ ਅਪ੍ਰੇਟਰਜ਼ ਐਸੋ. ਦੇ ਸੂਬਾ ਪ੍ਰਧਾਨ ਬਣੇ

ਮੋਗਾ (ਇਕਬਾਲ ਸਿੰਘ ਖਹਿਰਾ) ਮਿੰਨੀ ਬੱਸ ਅਪਰੇਟਰਜ਼ ਐਸੋਸੀਏਸ਼ਨ ਪੰਜਾਬ (ਰਜਿ:) ਦੀ ਸੂਬਾ ਪੱਧਰੀ ਮੀਟਿੰਗ ਇਥੋਂ ਦੇ ਰਾਇਲ ਪੈਲਸ ਵਿਖੇ ਸੂਬਾਈ ਪ੍ਰਧਾਨ ਬਲਦੇਵ ਸਿੰਘ ਬੱਬੂ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿੱਚ ਪੰਜਾਬ ਦੇ ਕੋਨੇ ਕੋਨੇ ਤੋਂ ਵੱਡੀ ਗਿਣਤੀ ਵਿੱਚ ਮਿੰਨੀ ਬੱਸ ਅਪ੍ਰੇਟਰਾਂ ਨੇ ਸ਼ਮੂਲੀਅਤ ਕੀਤੀ।ਇਸ ਮੌਕੇ ਪ੍ਰਧਾਨ ਬੱਬੂ ਨੇ ਮਿੰਨੀ ਬੱਸ ਅਪ੍ਰੇਟਰਾਂ ਨੂੰ ਆ ਰਹੀਆਂ ਮੁਸ਼ਕਲਾਂ ਬਾਰੇ ਦੱਸਦਿਆਂ ਕਿਹਾ ਕਿ ਅੱਜਕਲ੍ਹ ਲੋਕਾਂ ਵਿੱਚ ਸਫ਼ਰ ਕਰਨ ਲਈ ਆਪਣੇ ਨਿੱਜੀ ਸਾਧਨਾਂ ਦੀ ਵਰਤੋਂ ਕਰਨ ਦਾ ਰੁਝਾਨ ਵਧਣ ਨਾਲ ਮਿੰਨੀ ਬੱਸਾਂ ਵਾਲੇ ਪਹਿਲਾਂ ਹੀ ਘੱਟ ਸਵਾਰੀਆਂ ਮਿਲਣ ਤੇ ਭਾਰੀ ਟੈਕਸਾਂ, ਪਾਸਿੰਗ ਤੇ ਪਰਮਿਟ ਫੀਸਾਂ ਦੇ ਬੋਝ ਕਾਰਨ ਆਰਥਿਕ ਮੰਦਹਾਲੀ ਦਾ ਸ਼ਿਕਾਰ ਹਨ, ਉਤੋਂ ਸੂਬੇ ਭਰ ਵਿੱਚ ਮਿੰਨੀ ਬੱਸਾਂ ਦੇ ਰੂਟਾਂ ਤੇ ਬਿਨਾਂ ਕਿਸੇ ਪ੍ਰਮਿਟ ਦੇ ਹਜ਼ਾਰਾਂ ਈ-ਰਿਕਸ਼ਾ ਚਾਲਕ ਸਵਾਰੀਆਂ ਦੀ ਢੋਆ-ਢੁਆਈ ਬੇਖੌਫ ਕਰਕੇ ਮਿੰਨੀ ਬੱਸ ਅਪ੍ਰੇਟਰਾਂ ਨੂੰ ਭਾਰੀ ਚੂਨਾ ਲਗਾ ਰਹੇ ਹਨ।ਉਨ੍ਹਾਂ ਕਿਹਾ ਕਿ ਮਿੰਨੀ ਬੱਸ ਅ੍ਰਪੇਟਰਾਂ ਵੱਲੋਂ ਸਬੰਧਤ ਅਧਿਕਾਰੀਆਂ ਨੂੰ ਸ਼ਿਕਾਇਤਾਂ ਕਰਨ ਦੇ ਬਾਵਜੂਦ ਈ-ਰਿਕਸ਼ਾ ਚਾਲਕਾਂ ਵਿਰੁੱਧ ਕਿਸੇ ਵੀ ਟਰਾਂਸਪੋਰਟ ਤੇ ਪੁਲਸ ਅਧਿਕਾਰੀਆਂ ਵੱਲੋਂ ਕੋਈ ਵੀ ਕਾਨੂੰਨੀ ਕਾਰਵਾਈ ਨਹੀਂ ਕੀਤੀ ਜਾਂਦੀ।ਇਸ ਤੋਂ ਇਲਾਵਾ ਉਨ੍ਹਾਂ ਹੋਰ ਕਿਹਾ ਕਿ ਸਰਕਾਰ ਵੱਲੋਂ ਬੱਸਾਂ ਦੇ ਟੈਕਸ ਤੇ ਹੋਰ ਫੀਸਾਂ ਆਨਲਾਈਨ ਕਰਨ ਦੇ ਬਾਵਜੂਦ ਟੈਕਸ ਭਰਨ ਲਈ ਅਪ੍ਰੇਟਰਾਂ ਨੂੰ ਆਰਟੀਓ ਦਫਤਰਾਂ ਵਿੱਚ ਜਾ ਕੇ ਕੋਡ ਲੈਣ ਲਈ ਖੱਜਲ ਖੁਆਰ ਹੋਣਾ ਪੈਂਦਾ ਹੈ।ਉਨ੍ਹਾਂ ਮੰਗ ਕੀਤੀ ਕਿ ਸਰਕਾਰ ਵੱਲੋਂ 15 ਸਾਲ ਪੁਰਾਣੀਆਂ ਗੱਡੀਆਂ ਨੂੰ ਪਾਸ ਕਰਵਾਉਣ ਵੇਲੇ ਪਾਸਿੰਗ ਫੀਸ ਦੇ ਨਾਲ ਵੱਖਰਾ ਗਰੀਨ ਟੈਕਸ ਵੀ ਦੇਣਾ ਪੈਂਦਾ ਹੈ, ਜਿਸ ਨੂੰ ਬੰਦ ਕੀਤਾ ਜਾਵੇ।ਉਨ੍ਹਾ ਸੂਬੇ ਦੇ ਸਾਰੇ ਜ਼ਿਲ੍ਹਿਆਂ ਤੇ ਡਵੀਜ਼ਨਾਂ ਵਿੱਚ ਪੱਕੇ ਆਰਟੀਓ/ਆਰਟੀਏ ਲਗਾਉਣ ਤੇ ਮਿੰਨੀ ਬੱਸਾਂ ਦੀ ਰਜਿਸਟਰੇਸ਼ਨ ਕਰਨ ਸਮੇਂ ਹੋਈ ਹੋਈਆਂ ਕਲੈਰੀਕਲ ਗਲਤੀਆਂ ਨੂੰ ਸੁਧਾਰਨ ਲਈ ਐੱਸਟੀਸੀ ਦਫ਼ਤਰ ਚੰਡੀਗੜ੍ਹ ਦੇ ਗੇੜੇ ਮਰਾਉਣ ਦੀ ਬਜਾਏ ਅਧਿਕਾਰ ਆਰਟੀਓ ਦਫ਼ਤਰ ਨੂੰ ਦਿੱਤੇ ਜਾਣ ਦੀ ਮੰਗ ਵੀ ਕੀਤੀ।

ਇਸ ਮੌਕੇ ਮਿੰਨੀ ਬੱਸ ਅਪਰੇਟਰਜ਼ ਐਸੋਸੀਏਸ਼ਨ ਪੰਜਾਬ ਦੀ ਸਟੇਟ ਬਾਡੀ ਦੀ ਨਵੇਂ ਸਿਰਿਓਂ ਚੋਣ ਕੀਤੀ ਗਈ, ਜਿਸ ਵਿੱਚ ਸਰਬਸੰਮਤੀ ਨਾਲ ਬਲਦੇਵ ਸਿੰਘ ਬੱਬੂ ਨੂੰ ਮੁੜ ਦੋ ਸਾਲ ਲਈ ਐਸੋਸੀਏਸ਼ਨ ਦਾ ਪ੍ਰਧਾਨ ਚੁਣਿਆ ਗਿਆ।ਇਸ ਤੋਂ ਇਲਾਵਾ ਗੁਰਵਿੰਦਰਜੀਤ ਸਿੰਘ ਬਿੱਲੂ ਜਨਰਲ ਸਕੱਤਰ, ਹਰਬੰਸ ਸਿੰਘ ਮੋਗਾ ਸੀ. ਮੀਤ ਪ੍ਰਧਾਨ, ਬਲਵਿੰਦਰ ਸਿੰਘ ਬਹਿਲਾ ਉੱਪ ਪ੍ਰਧਾਨ, ਜਗਜੀਤ ਸਿੰਘ ਢਿੱਲੋਂ ਸੀ. ਮੀਤ ਪ੍ਰਧਾਨ, ਮੰਗਤ ਸਿੰਘ ਮੰਗੀ ਸੀ. ਪ੍ਰਧਾਨ, ਸੁਰਿੰਦਰ ਸਿੰਘ ਗੁਰਾਇਆ ਟਾਂਡਾ

11 Apr Page-8.qxd 4/10/2025 10:52 PM Page 1

ਖੇਤੀਬਾੜੀ ਵਿਭਾਗ ਵੱਲੋਂ ਲਗਾਇਆ ਜ਼ਿਲ੍ਹਾ ਪੱਧਰੀ ਕਿਸਾਨ ਸਿਖਲਾਈ ਕੈਂਪ

ਚੰਡੀਗੜ੍ਹ (ਗੁਰਜੀਤ ਬਿੱਲਾ, ਕ੍ਰਿਸ਼ਨ ਗਰਗ) ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਐਸ ਏ ਐਸ ਨਗਰ ਵੱਲੋਂ ਆਤਮਾ ਸਕੀਮ ਤਹਿਤ ਕਿਸਾਨਾਂ ਨੂੰ ਸਾਉਣੀ ਦੀਆਂ ਫਸਲਾਂ ਬਾਰੇ ਤਕਨੀਕੀ ਜਾਣਕਾਰੀ ਦੇਣ ਲਈ ਕਿਸਾਨ ਵਿਕਾਸ ਚੈਂਬਰ (ਕਾਲਕਟ ਭਵਨ), ਮੋਹਾਲੀ ਵਿਖੇ ਜ਼ਿਲ੍ਹਾ ਪੱਧਰੀ ਕਿਸਾਨ ਸਿਖਲਾਈ ਕੈਂਪ ਅਤੇ ਪ੍ਰਦਰਸ਼ਨੀ ਲਗਾਈ ਗਈ। ਡਿਪਟੀ ਕਮਿਸ਼ਨਰ ਐੱਸ ਏ ਐੱਸ ਨਗਰ ਸ੍ਰੀਮਤੀ ਕੋਮਲ ਮਿੱਤਲ, ਦੇ ਨਿਰਦੇਸ਼ਾਂ ਅਧੀਨ ਸ੍ਰੀਮਤੀ ਸੋਨਮ ਚੌਧਰੀ ਡਿਪਟੀ ਕਮਿਸ਼ਨਰ (ਵਿਕਾਸ) ਵੱਲੋਂ ਵਿਸ਼ੇਸ਼ ਤੌਰ 'ਤੇ ਕੈਂਪ ਵਿੱਚ ਭਾਗ ਲਿਆ ਗਿਆ ਅਤੇ ਕੈਂਪ ਦਾ ਉਦਘਾਟਨ ਕੀਤਾ।ਡਾ.ਗੁਰਮੇਲ ਸਿੰਘ ਮੁੱਖ ਖੇਤੀਬਾੜੀ ਅਫਸਰ ਐੱਸ.ਏ.ਐੱਸ.ਨਗਰ ਨੇ ਸਾਉਣੀ ਦੀਆਂ ਫਸਲਾਂ, ਪਰਾਲੀ ਦੇ ਸੁਚੱਜੇ ਪ੍ਰਬੰਧ, ਕੁਦਰਤੀ ਸੋਮੇ, ਪਾਣੀ ਦੀ ਸੁਚੱਜੀ ਵਰਤੋਂ ਅਤੇ ਵਾਤਾਵਰਨ ਨੂੰ ਬਚਾਉਣ ਸਬੰਧੀ ਕਿਸਾਨਾਂ ਨੂੰ ਜਾਣਕਾਰੀ ਦਿੱਤੀ। ਇਸ ਮੌਕੇ ਵਿਸ਼ੇਸ਼ ਮਹਿਮਾਨ ਦੇ ਤੌਰ ਤੇ ਕੈਂਪ ਵਿੱਚ ਭਾਗ ਲੈ ਰਹੇ ਸੰਯੁਕਤ ਡਾਇਰੈਕਟਰ ਖੇਤੀਬਾੜੀ (ਅੰਕੜਾ) ਸ੍ਰੀਮਤੀ ਹਰਪ੍ਰੀਤ ਕੌਰ ਨੇ ਕਿਹਾ ਕਿ ਪੰਜਾਬ ਦੀ ਮਿੱਟੀ ਦੀ ਸਿਹਤ, ਪਾਣੀ ਅਤੇ ਵਾਤਾਵਰਣ ਨੂੰ ਬਚਾਉਣ ਦੀ ਬਹੁਤ ਜ਼ਰੂਰਤ ਹੈ ਅਤੇ ਇਸ ਵਾਸਤੇ ਸਰਕਾਰ ਵੱਲੋਂ ਪੁਰਜ਼ੋਰ ਉਪਰਾਲੇ ਕੀਤੇ ਜਾ ਰਹੇ ਹਨ।ਕਿਸਾਨ ਆਗੂ ਮੇਹਰ ਸਿੰਘ ਥੇੜੀ ਵੱਲੋਂ ਕਿਸਾਨਾਂ ਨੂੰ ਪੇਸ਼ ਆ ਰਹੀਆਂ ਵੱਖ ਵੱਖ ਮੁਸ਼ਕਲਾਂ ਦੇ ਹੱਲ ਕਰਨ ਲਈ ਸਰਕਾਰ ਨੂੰ ਅਪੀਲ ਕੀਤੀ ਗਈ।ਕੈਂਪ ਵਿੱਚ ਖੇਤੀਬਾੜੀ ਵਿਭਾਗ, ਬਾਗਬਾਨੀ ਵਿਭਾਗ, ਮੱਛੀ ਪਾਲਣ ਵਿਭਾਗ, ਪਸ਼ੂ ਪਾਲਣ ਵਿਭਾਗ, ਭੂਮੀ ਰੱਖਿਆ ਵਿਭਾਗ, ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵੱਲੋਂ ਆਪਣੇ ਵਿਭਾਗਾ ਨਾਲ ਸਬੰਧਤ ਗਤੀਵਿਧੀਆਂ ਦੀ ਪ੍ਰਦਰਸ਼ਨੀ ਵੀ ਲਗਾਈ ਗਈ।ਕੈਂਪ ਵਿੱਚ ਜ਼ਿਲ੍ਹੇ ਦੇ ਵੱਖ ਵੱਖ ਪਿੰਡਾਂ ਤੋ ਕਿਸਾਨ ਬੀਬੀਆਂ ਸਮੇਤ ਅਗਾਂਹਵਧੂ ਕਿਸਾਨਾਂ ਵੱਲੋਂ ਹੁੰਮ ਹੁਮਾ ਕੇ ਸ਼ਿਰਕਤ ਕੀਤੀ ਗਈ।

ਕਾਲੀਆ ਦੇ ਘਰ 'ਤੇ ਗਰਨੇਡ ਹਮਲੇ ਦੇ ਰੋਸ 'ਚ ਭਾਜਪਾ ਆਗੂਆਂ ਨੇ ਪੰਜਾਬ ਸਰਕਾਰ ਦਾ ਪੁਤਲਾ ਫੂਕਿਆ

ਬਲਾਚੌਰ (ਜਸਵਿੰਦਰ ਬੈਂਸ) ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਤੋਂ ਭਾਰਤੀ ਜਨਤਾ ਪਾਰਟੀ ਦੇ ਜ਼ਿਲ੍ਹਾ ਪ੍ਰਧਾਨ ਰਾਜਵਿੰਦਰ ਸਿੰਘ ਲੱਕੀ ਦੀ ਅਗਵਾਈ ਹੇਠ ਬਲਾਚੌਰ ਦੇ ਮੇਨ ਚੌਕ ਵਿਖੇ ਭਾਜਪਾ ਵਰਕਰਾਂ ਵੱਲੋਂ ਜਲੰਧਰ ਵਿੱਚ ਭਾਜਪਾ ਦੇ ਸਾਬਕਾ ਕੈਬਨਿਟ ਮੰਤਰੀ ਮਨੋਰੰਜਨ ਕਾਲੀਆ ਦੇ ਘਰ 'ਤੇ ਹੋਏ ਗ੍ਰਨੇਡ ਹਮਲੇ ਨੂੰ ਲੈ ਕੇ ਪੰਜਾਬ ਸਰਕਾਰ ਦਾ ਪੁਤਲਾ ਸਾੜਿਆ ਗਿਆ।ਜ਼ਿਲ੍ਹਾ ਪ੍ਰਧਾਨ ਲੱਕੀ ਨੇ ਆਖਿਆ ਕਿ ਪੰਜਾਬ ਵਿੱਚ ਕਾਨੂੰਨ ਵਿਵਸਥਾ ਪੂਰੀ ਤਰ੍ਹਾਂ ਫੇਲ੍ਹ ਹੋ ਚੁੱਕੀ ਹੈ।ਜਿਸ ਕਾਰਨ ਸੂਬੇ ਵਿੱਚ ਗਲਤ ਅਨਸਰਾਂ ਵੱਲੋਂ ਵੱਖ-ਵੱਖ ਤਰਾਂ ਨਾਲ ਲਗਾਤਾਰ ਹਮਲੇ ਕੀਤੇ ਜਾ ਰਹੇ ਹਨ।ਰਾਜਵਿੰਦਰ ਸਿੰਘ ਲੱਕੀ ਨੇ ਕਿਹਾ ਕਿ ਜੇਕਰ ਸਰਕਾਰ ਪੰਜਾਬ ਵਿੱਚ ਕਾਨੂੰਨ ਵਿਵਸਥਾ ਦੀ ਸਥਿਤੀ ਨੂੰ ਸੰਭਾਲਣ ਵਿੱਚ ਅਸਮਰਥ ਹੈ ਤਾਂ ਉਨ੍ਹਾਂ ਨੂੰ ਤੁਰੰਤ ਅਸਤੀਫਾ ਦੇ ਦੇਣਾ ਚਾਹੀਦਾ ਹੈ।ਉਨ੍ਹਾਂ ਕਿਹਾ ਕਿ ਇਸ ਗੰਭੀਰ ਮਾਮਲੇ ਦੀ ਤਰੁੰਤ ਹੀ ਉੱਚ ਪੱਧਰੀ ਜਾਂਚ ਕਰਵਾਈ ਜਾਵੇ ਤਾਂ ਜੋ ਸੱਚਾਈ ਸਾਹਮਣੇ ਆ ਸਕੇ ਅਤੇ ਦੋਸ਼ੀਆਂ ਨੂੰ ਸਖ਼ਤ ਸਜ਼ਾ ਮਿਲ ਸਕੇ।ਇਸ ਮੌਕੇ ਵਰਿੰਦਰ ਸੈਣੀ, ਅਜੇ ਕਟਾਰੀਆ, ਵਿਜੇ ਭਾਟੀਆ ਸੰਡਰੇਵਾਲ, ਮਨੋਹਰ ਲਾਲ ਆਨੰਦ, ਐਡਵੋਕੇਟ ਅਮਨ ਰਾਣਾ, ਸੰਦੀਪ ਸੋਨੂੰ ਭਾਟੀਆ, ਸੁਮਿਤ ਘਈ, ਜ਼ਿਲ੍ਹਾ ਯੁਵਾ ਮੋਰਚਾ ਪ੍ਰਧਾਨ ਪੰਕਜ ਕੁਮਾਰ, ਵਰਿੰਦਰ ਰਜਵਾੜਾ, ਵਿਨੋਦ ਨੰਬਰਦਾਰ, ਹਰਮੇਸ਼ ਸ਼ਰਮਾ, ਵਿਨੋਦ ਸ਼ਰਮਾ ਅਤੇ ਹੋਰ ਬਹੁਤ ਗਿਣਤੀ ਭਾਜਪਾ ਵਰਕਰ ਅਤੇ ਅਹੁਦੇਦਾਰ ਹਾਜ਼ਰ ਸਨ।

ਸ਼ਰਾਬ ਦੀਆਂ 82 ਬੋਤਲਾਂ ਸਮੇਤ ਕਾਬੂ

ਮਾਹਿਲਪੁਰ (ਸਫ਼ਰੀ) ਥਾਣਾ ਮਾਹਿਲਪੁਰ ਅਧੀਨ ਪੈਂਦੀ ਚੌਕੀ ਕੋਟ ਫਤੂਹੀ ਦੇ ਥਾਣੇਦਾਰ ਸੁਖਵਿੰਦਰ ਸਿੰਘ ਨੇ ਇਕ ਨੌਜਵਾਨ ਨੂੰ ਘਰੋਂ 82 ਸ਼ਰਾਬ ਦੀ ਬੋਤਲਾਂ ਸਮੇਤ ਕਾਬੂ ਕਰਕੇ ਮਾਮਲਾ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।ਜਾਣਕਾਰੀ ਅਨੁਸਾਰ ਥਾਣਾ ਮੁਖੀ ਮਾਹਿਲਪੁਰ ਪਲਵਿੰਦਰਪਾਲ ਜੀਤ ਸਿੰਘ ਦੇ ਦੱਸਿਆ ਕਿ ਮਾਹਿਲਪੁਰ ਥਾਣੇ ਅਧੀਨ ਪੈਂਦੀ ਚੌਕੀ ਕੋਟ ਫਤੂਹੀ ਦੇ ਇੰਚਾਰਜ ਸੁਖਵਿੰਦਰ ਸਿੰਘ ਨੇ ਪੁਲਸ ਪਾਰਟੀ ਸਮੇਤ ਪਿੰਡ ਮੰਨਣਹਾਣਾ ਦੇ ਟੀ ਪੁਆਇੰਟ ਤੇ ਨਾਕਾਬੰਦੀ ਕੀਤੀ ਹੋਈ ਸੀ।ਐਕਸਾਈਜ਼ ਰੇਡ ਪਾਰਟੀ ਪਿੰਡ ਨਗਦੀ ਪੁਰ ਪਹੁੰਚੀ ਤਾਂ ਇਕ ਮੋਨਾ ਵਿਆਕਤੀ ਘਰ ਦੇ ਬਾਹਰ ਗਲੀ ਵਿਚ ਖੜ੍ਹਾ ਦਿਖਾਈਂ ਦਿੱਤਾ ਜੋ ਪੁਲਸ ਪਾਰਟੀ ਨੂੰ ਦੇਖ ਕੇ ਘਬਰਾ ਕੇ ਘਰ ਅੰਦਰ ਵਲ ਗਿਆ ਉਨ੍ਹਾਂ ਦੱਸਿਆ ਕਿ ਪੁਲਸ ਨੇ ਉਸਨੂੰ ਕਾਬੂ ਕਰਕੇ ਨਾਮ ਪਤਾ ਪੁੱਛਣ ਤੇ ਉਸ ਨੇ ਆਪਣਾ ਨਾਮ ਤੀਰਥ ਸਿੰਘ ਪੁੱਤਰ ਰਜਿੰਦਰ ਸਿੰਘ ਵਾਸੀ ਨਗਦੀ ਪੁਰ ਥਾਣਾ ਮਾਹਿਲਪੁਰ ਜ਼ਿਲ੍ਹਾ ਹੁਸ਼ਿਆਰਪੁਰ ਦੱਸਿਆ। ਉਨ੍ਹਾਂ ਦੱਸਿਆ ਕਿ ਮੌਕੇ ਪਿੰਡ ਦੇ ਸਰਪੰਚ ਹਰਵਿੰਦਰ ਸਿੰਘ ਨੂੰ ਬੁਲਾ ਕੇ ਤੀਰਥ ਸਿੰਘ ਉਕਤ ਦੇ ਘਰ ਦੀ ਤਲਾਸ਼ੀ ਲਈ ਗਈ ਤਾਂ ਘਰ ਦੇ ਇਕ ਕਮਰੇ ਦੇ ਖੂੰਜੇ 'ਚੋਂ 72 ਬੋਤਲਾ ਸ਼ਰਾਬ ਮਾਰਕਾ ਪੰਜਾਬ ਕਲੱਬ ਗੋਲਡ ਵਿਸਕੀ ਫੌਰ ਸੇਲਜ ਇੰਨ ਪੰਜਾਬ ਕੁੱਲ 54000 ਮਿ. ਲੀ. ਸ਼ਰਾਬ ਅਤੇ 10 ਬੋਤਲਾ ਔਫੀਸਰ ਚੁਆਇਸ 7500 ਮਿ. ਲੀ. ਸ਼ਰਾਬ ਬਰਾਮਦ ਹੋਈ।

ਡਾ. ਚੱਬੇਵਾਲ ਵੱਲੋਂ ਫਗਵਾੜਾ ਵਿਖੇ ਸਰਕਾਰੀ ਸਕੂਲਾਂ 'ਚ 31 ਲੱਖ ਦੇ ਵਿਕਾਸ ਕਾਰਜਾਂ ਦਾ ਉਦਘਾਟਨ

ਫਗਵਾੜਾ (ਡਾ. ਰਮਨ) ਡਾ.ਰਾਜ ਕੁਮਾਰ ਚੱਬੇਵਾਲ ਸੰਸਦ ਮੈਂਬਰ ਵੱਲੋਂ ਪੰਜਾਬ ਸਿੱਖਿਆ ਕ੍ਰਾਂਤੀ ਤਹਿਤ ਸਰਕਾਰੀ ਹਾਈ ਅਤੇ ਸਰਕਾਰੀ ਪ੍ਰਾਇਮਰੀ ਸਕੂਲ ਹਦੀਆਬਾਦ ਵਿਖੇ 31.40 ਲੱਖ ਰੁਪਏ ਦੀ ਲਾਗਤ ਨਾਲ ਹੋਏ ਵਿਕਾਸ ਕਾਰਜਾਂ ਦਾ ਉਦਘਾਟਨ ਕੀਤਾ ਗਿਆ। ਉਨ੍ਹਾਂ ਸਰਕਾਰੀ ਹਾਈ ਅਤੇ ਸਰਕਾਰੀ ਪ੍ਰਾਇਮਰੀ ਸਕੂਲ ਹਦੀਆਬਾਦ ਵਿਖੇ 17 ਲੱਖ ਰੁਪਏ ਦੀ ਲਾਗਤ ਨਾਲ ਉਸਾਰੇ ਗਏ ਐਡੀਸ਼ਨਲ ਕਲਾਸ ਰੂਮਾਂ ਤੋਂ ਇਲਾਵਾ 13 ਲੱਖ ਰੁਪਏ ਦੀ ਲਾਗਤ ਨਾਲ ਬਣਾਈ ਗਈ ਸਾਇੰਸ ਲੈਬ ਅਤੇ 1.40 ਲੱਖ ਰੁਪਏ ਦੀ ਲਾਗਤ ਨਾਲ ਲੜਕੀਆਂ ਲਈ ਪਖ਼ਾਨਿਆਂ ਦਾ ਉਦਘਾਟਨ ਕੀਤਾ। ਉਨ੍ਹਾਂ ਕਿਹਾ ਕਿ ਪੰਜਾਬ ਸਿੱਖਿਆ ਕ੍ਰਾਂਤੀ ਤਹਿਤ ਪੰਜਾਬ ਸਰਕਾਰ ਵਲੋਂ ਲਗਭਗ 10 ਹਜ਼ਾਰ ਸਕੂਲਾਂ ਨੂੰ ਬੁਨਿਆਦੀ ਢਾਂਚੇ ਅਤੇ ਹੋਰ ਸਹੂਲਤਾਂ ਦੇ ਮਾਮਲੇ ਵਿੱਚ ਨਿੱਜੀ ਸਕੂਲਾਂ ਤੋਂ ਵੀ ਬਿਹਤਰ ਬਣਾਇਆ ਜਾ ਰਿਹਾ ਹੈ। ਇਸ ਮੌਕੇ ਸਾਬਕਾ ਮੰਤਰੀ ਅਤੇ ਫਗਵਾੜਾ ਦੇ ਹਲਕਾ ਇੰਚਾਰਜ ਜੋਗਿੰਦਰ ਸਿੰਘ ਮਾਨ, ਮੇਅਰ ਰਾਮਪਾਲ ਉੱਪਲ, ਵਧੀਕ ਡਿਪਟੀ ਕਮਿਸ਼ਨਰ ਡਾ.ਅਕਸ਼ਿਤਾ ਗੁਪਤਾ ਤੇ ਜ਼ਿਲ੍ਹਾ ਯੋਜਨਾ ਬੋਰਡ ਦੀ ਚੇਅਰਪਰਸਨ ਲਲਿਤ ਅਕਲਾਨੀ, ਆਮ ਆਦਮੀ ਪਾਰਟੀ ਦੇ ਬੁਲਾਰੇ ਹਰਜੀਮਾਨ, ਐਸ.ਡੀ.ਐਮ.ਜਸ਼ਨਜੀਤ ਸਿੰਘ ਤੇ ਹੋਰ ਹਾਜ਼ਰ ਸਨ।

ਲਿਵਾਸਾ ਹਸਪਤਾਲ 'ਚ ਕਿਡਨੀ ਦੇਖਭਾਲ ਸੇਵਾਵਾਂ 'ਚ ਕੀਤਾ ਸੁਧਾਰ

ਹੁਸ਼ਿਆਰਪੁਰ (ਬਲਬੀਰ ਸਿੰਘ ਸੈਣੀ) ਲਿਵਾਸਾ ਹਸਪਤਾਲ ਹੁਸ਼ਿਆਰਪੁਰ ਨੇ ਕਿਡਨੀ ਦੇਖਭਾਲ ਸੇਵਾਵਾਂ ਵਿੱਚ ਸੁਧਾਰ ਕਰਨ ਦੀ ਘੋਸ਼ਣਾ ਕੀਤੀ ਹੈ।ਹੁਣ ਹਸਪਤਾਲ ਵਿੱਚ 24 ਘੰਟੇ

ਡਾਇਲਿਸਿਸ ਸੇਵਾ ਉਪਲੱਬਧ ਹੋਵੇਗੀ।ਜਿਸ ਵਿੱਚ 6 ਆਧੁਨਿਕ ਡਾਇਲਿਸਿਸ ਮਸ਼ੀਨਾਂ ਹਨ ਜੋ ਕਿਡਨੀ ਮਰੀਜ਼ਾਂ ਲਈ ਲਗਾਤਾਰ ਦੇਖਭਾਲ ਪ੍ਰਦਾਨ ਕਰਨਗੀਆਂ। ਇਸ ਦੇ ਇਲਾਵਾ ਹਸਪਤਾਲ ਨੇ ਪੰਜ ਖਾਸ ਨੈਫਰੋਲੋਜੀ ਕ੍ਰਿਟੀਕਲ ਕੇਅਰ ਬੈਡਸ ਵੀ ਜੋੜੇ ਹਨ। ਜਿਨਾਂ ਨਾਲ ਗੰਭੀਰ ਕਿਡਨੀ ਰੋਗੀਆਂ ਦਾ ਬਿਹਤਰ ਇਲਾਜ ਹੋ ਸਕੇਗਾ।ਇਹ ਕਦਮ ਲਿਵਾਸਾ ਹਸਪਤਾਲ ਵੱਲੋਂ ਮਰੀਜ਼ਾਂ ਦੇ ਬਿਹਤਰ ਇਲਾਜ ਅਤੇ ਦੇਖਭਾਲ ਦੇ ਪ੍ਰਤੀ ਪ੍ਰਤੀ ਵੱਧਤਾ ਨੂੰ ਦਰਸਾਉਂਦਾ ਹੈ। ਅੱਜ ਤੱਕ 250 ਤੋਂ ਜਿਆਦਾ ਮਰੀਜ਼ਾਂ ਨੇ ਹਸਪਤਾਲ ਤੋਂ ਇਲਾਜ ਕਰਵਾਇਆ ਹੈ ਜੋ ਇਸ ਹਸਪਤਾਲ ਦੇ ਕਿਡਨੀ ਦੇਖਭਾਲ ਪ੍ਰੋਗਰਾਮ ਦੀ ਸਫਲਤਾ ਨੂੰ ਸਾਬਤ ਕਰਦਾ ਹੈ।

ਕੁਲਵੰਤ ਸਿੰਘ ਵੱਲੋਂ ਸਰਕਾਰੀ ਸਕੂਲਾਂ 'ਚ ਵਿਕਾਸ ਕਾਰਜਾਂ ਦਾ ਉਦਘਾਟਨ

ਚੰਡੀਗੜ੍ਹ (ਗੁਰਜੀਤ ਬਿੱਲਾ) ਮੋਹਾਲੀ ਸ਼ਹਿਰ ਵਿੱਚ ਪੈਂਦੇ ਸਰਕਾਰੀ ਕੰਨਿਆ ਸਮਾਰਟ ਸੀਨੀਅਰ ਸੈਕੰਡਰੀ ਸਕੂਲ ਪਿੰਡ ਸੋਹਾਣਾ ਅਤੇ ਸਰਕਾਰੀ ਪ੍ਰਾਇਮਰੀ ਸਕੂਲ ਪਿੰਡ ਸੋਹਾਣਾ ਵਿੱਖੇ ਪੰਜਾਬ ਸਰਕਾਰ ਵੱਲੋਂ 21.80 ਲੱਖ ਰੁਪਏ ਦੀ ਲਾਗਤ ਨਾਲ ਮੁਹੱਈਆ ਕਰਵਾਈਆਂ ਵੱਖ-ਵੱਖ ਸਹੂਲਤਾਂ ਜਿਵੇਂ ਕਿ ਕਲਾਸਰੂਮ, ਖ਼ੇਡ ਮੈਦਾਨ, ਟੂਆਇਲਟਸ ਆਦਿ ਦਾ ਉਦਘਾਟਨ ਹਲਕਾ ਵਿਧਾਇਕ ਕੁਲਵੰਤ ਸਿੰਘ ਵੱਲੋਂ ਇਨ੍ਹਾਂ ਸਕੂਲਾਂ ਵਿੱਚ ਹੋਏ ਵੱਖ-ਵੱਖ ਪ੍ਰੋਗਰਾਮਾਂ ਦੌਰਾਨ ਕੀਤਾ ਗਿਆ। ਸਰਕਾਰੀ ਕੰਨਿਆ ਸਮਾਰਟ ਸੀਨੀਅਰ ਸੈਕੰਡਰੀ ਸਕੂਲ ਸੋਹਾਣਾ ਵਿਖੇ 9.55 ਲੱਖ ਰੁਪਏ ਦੀ ਲਾਗਤ ਨਾਲ ਉਸਾਰੇ ਗਏ ਆਧੁਨਿਕ ਸਮਾਰਟ ਕਲਾਸਰੂਮ, 1.5 ਲੱਖ ਰੁਪਏ ਦੀ ਲਾਗਤ ਨਾਲ ਬਣਾਏ ਗਏ ਬੈਡਮਿੰਟਨ ਕੋਰਟ ਅਤੇ ਲਗਭੱਗ 1.20 ਲੱਖ ਰੁਪਏ ਦੀ ਲਾਗਤ ਨਾਲ ਬਣਾਏ ਟੂਆਇਲਟ ਬਲਾਕ ਅਤੇ ਸਰਕਾਰੀ ਪ੍ਰਾਇਮਰੀ ਸਕੂਲ ਸੋਹਾਣਾ ਵਿਖੇ 9.55 ਲੱਖ ਰੁਪਏ ਦੀ ਲਾਗਤ ਨਾਲ ਬਣਾਏ ਸਮਾਰਟ ਕਲਾਸਰੂਮ ਦਾ ਉਦਘਾਟਨ ਕਰਕੇ ਇਨ੍ਹਾਂ ਨੂੰ ਬੱਚਿਆਂ ਦੇ ਸੁਨਹਿਰੇ ਭਵਿੱਖ ਲਈ ਉਨ੍ਹਾਂ ਦੇ ਸਪੁਰਦ ਕੀਤਾ।

ਖੇਤ ਮਜ਼ਦੂਰ ਯੂਨੀਅਨ 14 ਨੂੰ ਡਾ. ਅੰਬੇਡਕਰ ਦਾ ਜਨਮ ਦਿਨ ਮਨਾਏਗੀ : ਨੂਰਪੁਰੀ, ਗੁਰਮੇਸ਼

ਬੰਗਾ (ਅਵਤਾਰ ਕਲੇਰ) ਇੱਥੇ ਕੁੱਲ ਹਿੰਦ ਖੇਤ ਮਜ਼ਦੂਰ ਯੂਨੀਅਨ ਦੀ ਮੀਟਿੰਗ ਸੂਬਾ ਪ੍ਰਧਾਨ ਸਾਥੀ ਰਾਮ ਸਿੰਘ ਨੂਰਪੁਰੀ ਦੀ ਪ੍ਰਧਾਨਗੀ ਹੇਠ ਹੋਈ।ਮੀਟਿੰਗ ਵਿੱਚ ਯੂਨੀਅਨ ਦੇ ਪੁਰਾਣੇ ਸਾਥੀ ਅੰਬਿਕਾ ਪ੍ਰਸ਼ਾਦ ਮਿਸ਼ਰਾ ਤੇ ਮਾਸਟਰ ਭਗਤ ਰਾਮ ਸਾਬਕਾ ਐਮ ਪੀ ਤੇ ਸਾਬਕਾ ਸੂਬਾਈ ਜਨਰਲ ਸਕੱਤਰ ਨੂੰ ਦੋ ਮਿੰਟ ਖੜ੍ਹੇ ਹੋ ਕੇ ਸ਼ਰਧਾਂਜਲੀ ਭੇਟ ਕੀਤੀ ਗਈ।ਮੀਟਿੰਗ ਦੇ ਫੈਸਲੇ ਪ੍ਰੈੱਸ ਨੂੰ ਜਾਰੀ ਕਰਦਿਆਂ ਸੂਬਾ ਜਨਰਲ ਸਕੱਤਰ ਸਾਥੀ ਗੁਰਮੇਸ਼ ਸਿੰਘ ਨੇ ਦੱਸਿਆ ਕਿ ਯੂਨੀਅਨ ਡਾ. ਬੀ ਆਰ ਅੰਬੇਡਕਰ ਦਾ ਜਨਮ ਦਿਨ ਸੰਵਿਧਾਨ ਬਚਾਓ, ਦੇਸ਼ ਬਚਾਓ ਦੇ ਬੈਨਰ ਹੇਠ ਮਨਾਏਗੀ। ਉਨ੍ਹਾਂ ਨੇ ਮੀਟਿੰਗ ਵਿੱਚ ਪੰਜਾਬ ਅੰਦਰ ਯੂਨੀਅਨ ਵਲੋਂ ਪਿਛਲੇ ਸਮੇਂ ਅੰਦਰ ਕੀਤੀਆਂ ਸਰਗਰਮੀਆਂ ਤੇ ਤਸੱਲੀ ਪ੍ਰਗਟ ਕਰਦਿਆਂ ਕਿਹਾ ਕਿ ਰਾਜ ਦੇ 18 ਜ਼ਿਲ੍ਹਿਆਂ ਅੰਦਰ ਆਪਣੀਆਂ ਮੰਗਾਂ ਨੂੰ ਲੈਕੇ ਧਰਨੇ ਤੇ ਮੁਜ਼ਾਹਰੇ ਕੀਤੇ ਗਏ ਜੋ ਕਿ ਸਫਲ ਰਹੇ ਅਤੇ ਅਗਾਂਹ ਤੋਂ ਵੀ ਯੂਨੀਅਨ ਖੇਤ ਮਜ਼ਦੂਰਾਂ ਦੀਆਂ ਮੰਗਾਂ ਲਈ ਸੰਘਰਸ਼ ਸ਼ੀਲ ਰਹੇਗੀ। ਉਨ੍ਹਾਂ ਨੇ ਦੱਸਿਆ ਕਿ ਯੂਨੀਅਨ ਦੀ ਮੈਂਬਰਸ਼ਿਪ ਸਵਾ ਲੱਖ ਦੇ ਕਰੀਬ ਹੋ ਚੁੱਕੀ ਹੈ ਅਤੇ 30 ਅਪ੍ਰੈਲ ਤੱਕ ਕੋਟਾ ਪੂਰਾ ਕੀਤਾ ਜਾਵੇਗਾ। ਕੌਮੀ ਮੀਤ ਪ੍ਰਧਾਨ ਸਾਥੀ ਭੂਪ ਚੰਦ ਚੰਨੋ ਨੇ ਪਿੰਡ ਦਾਨ ਸਿੰਘ ਵਾਲਾ ਤੇ ਚੰਦ ਭਾਨ ਵਿੱਚ ਵਾਪਰੀਆ ਘਟਨਾਵਾਂ ਦਾ ਜ਼ਿਕਰ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਗਰੀਬਾਂ 'ਤੇ ਤਸ਼ੱਦਦ ਢਾਹ ਰਹੀ ਹੈ।ਇਸ ਲਈ ਸਾਨੂੰ ਸਾਂਝੇ ਤੇ ਤਿੱਖੇ ਸੰਘਰਸ਼ ਕਰਨੇ ਪੈਣਗੇ। ਯੂਨੀਅਨ ਦੇ ਸੂਬਾ ਮੀਤ ਪ੍ਰਧਾਨ ਮਾ ਪਰਸ਼ੋਤਮ ਲਾਲ ਬਿਲਗਾ ਨੇ ਕਿਹਾ ਕਿ 20 ਮਈ ਨੂੰ ਟਰੇਡ ਯੂਨੀਅਨ ਦੀ ਹੜਤਾਲ ਦਾ ਯੂਨੀਅਨ ਸਮਰਥਨ ਕਰੇਗੀ ਅਤੇ ਸਾਡੇ ਸਾਥੀ ਯੂਨੀਅਨ ਦੇ ਝੰਡੇ ਲੈ ਕੇ ਇਕੱਠਾਂ ਵਿੱਚ ਸ਼ਾਮਲ ਹੋਣਗੇ। ਮੀਟਿੰਗ ਵਿੱਚ ਸੂਬਾਈ ਆਗੂ ਜਸਵੀਰ ਸਿੰਘ ਝਬਾਲ, ਕੁਲਦੀਪ ਝਿੰਗੜ,ਮਾ ਮੂਲ ਚੰਦ ਸਰਹਾਲੀ, ਮਾ. ਹਰਪਾਲ ਸਿੰਘ ਭੋਣੀ ਤਰੇੜਾਂ, ਡਾ. ਵਿਜੇ ਕੁਮਾਰ ਘਨੌਰ, ਸੁਖਦੇਵ ਸਿੰਘ ਗੋਹਲਵੜ, ਹਰਬੰਸ ਸਿੰਘ ਧੂਤ ਸਮੇਤ 35 ਸਾਥੀ ਸ਼ਾਮਲ ਹੋਏ।ਅੰਤ ਵਿੱਚ ਸਾਥੀ ਰਾਮ ਸਿੰਘ ਨੂਰਪੁਰੀ ਨੇ ਆਏ ਸਾਥੀਆਂ ਦਾ ਧੰਨਵਾਦ ਕੀਤਾ।

ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਭਟਨੂਰਾ 'ਚ ਕੀਤੇ ਗਏ ਵਿਕਾਸ ਕਾਰਜਾਂ ਦਾ ਉਦਘਾਟਨ

ਭੋਗਪੁਰ (ਗੁਰਪ੍ਰੀਤ ਸਿੰਘ ਭੋਗਲ) 'ਪੰਜਾਬ ਸਿੱਖਿਆ ਕ੍ਰਾਂਤੀ ਨਾਲ ਬਦਲਦਾ ਪੰਜਾਬ' ਤਹਿਤ ਹਲਕਾ ਆਦਮਪੁਰ ਦੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਭਟਨੂਰਾ 'ਚ ਪੰਜਾਬ ਸਰਕਾਰ ਦੇ ਯਤਨਾਂ ਸਦਕਾ ਤਿਆਰ ਹੋਏ 200 ਮੀਟਰ ਦੇ ਸਪੋਰਟਸ ਟਰੈਕ ਜਿਸ ਦੀ ਲਾਗਤ 160000 ਰੁਪਏ ਅਤੇ ਸਾਇੰਸ ਲੈਬ ਜਿਸ ਦੀ ਲਾਗਤ 1100000 ਰੁਪਏ ਸੀ, ਦਾ ਉਦਘਾਟਨ ਸਮਾਰੋਹ ਨੂੰ ਹਲਕਾ ਇੰਚਾਰਜ ਆਦਮਪੁਰ/ਪਨਬਸ ਡਾਇਰੈਕਟਰ ਜੀਤ ਲਾਲ ਭੱਟੀ ਅਤੇ ਉਨ੍ਹਾਂ ਦੀ ਸਮੁੱਚੀ ਟੀਮ ਵੱਲੋਂ ਕੀਤਾ ਗਿਆ ਜਿਨ੍ਹਾਂ 'ਚ ਮਦਨ ਸਿੰਘ ਬਲਾਕ ਪ੍ਰਧਾਨ, ਭੁਪਿੰਦਰ ਦੇਵ ਬਲਾਕ ਪ੍ਰਧਾਨ, ਬਲਾਕ ਪ੍ਰਧਾਨ ਸਤਨਾਮ ਮਨਕੋਟੀਆ, ਸੁਖਦੇਵ ਲਾਲ ਕੋਰਡ

11 Apr Page-9.qxd 4/10/2025 10:50 PM Page 1

ਅੰਤਰਰਾਜੀ ਨਾਕੇ ਲਗਾ ਕੇ ਵਾਹਨਾਂ ਦੀ ਕੀਤੀ ਜਾ ਰਹੀ ਚੈਕਿੰਗ : ਡੀ ਐੱਸ ਪੀ

ਭਲਾਣ (ਹਰਭਜਨ ਢਿੱਲੋਂ, ਸੁਰਜੀਤ ਸਿੰਘ)- ਪੁਲਸ ਵਲੋਂ ਅੰਤਰਰਾਜੀ ਨਾਕੇ ਲਗਾ ਕੇ ਕੀਤੀ ਵਾਹਨਾਂ ਦੀ ਚੈਕਿੰਗ ਕੀਤੀ ਗਈ। ਕੁਲਬੀਰ ਸਿੰਘ ਡੀ.ਐਸ.ਪੀ ਨੰਗਲ ਨੇ ਦੱਸਿਆ ਕਿ ਬਰਮਲਾ ਤੇ ਵੱਖ ਵੱਖ ਥਾਵਾਂ 'ਤੇ ਇੰਟਰ ਸਟੇਟ ਨਾਕੇ ਲਗਾਏ ਗਏ ਹਨ। ਇਸ ਤੋਂ ਇਲਾਵਾ ਪੁਲਸ ਵੱਲੋਂ ਹਰ ਛੋਟੇ ਰਸਤੇ ਜੋ ਪੰਜਾਬ ਨੂੰ ਹੋਰ ਸੂਬਿਆਂ ਨਾਲ ਜੋੜਦੇ ਹਨ 'ਤੇ ਵੀ ਚੈਕਿੰਗ ਕੀਤੀ ਜਾ ਰਹੀ ਹੈ। ਉਨਾ ਨੇ ਆਮ ਲੋਕਾਂ ਨੂੰ ਯਕੀਨ ਦਵਾਇਆ ਕਿ ਨਾਕਿਆਂ ਦੌਰਾਨ ਆਮ ਲੋਕਾਂ ਨੂੰ ਆਉਣ-ਜਾਣ ਵਿੱਚ ਕੋਈ ਵੀ ਦਿੱਕਤ ਪੇਸ਼ ਨਹੀ ਆਉਣ ਦਿੱਤੀ ਜਾਵੇਗੀ ਉਨਾਂ ਲੋਕਾਂ ਨੂੰ ਅਪੀਲ ਵੀ ਕੀਤੀ ਕਿ ਉਹ ਇੱਕ ਜਾਗਰੂਕ ਨਾਗਰਿਕ ਦਾ ਫਰਜ਼ ਨਿਭਾਉਣ ਕਿਸੇ ਵੀ ਸੰਦੇਹ ਜਾਂ ਸ਼ੱਕ ਹੋਣ ਦੀ ਸੂਰਤ ਵਿਚ ਪ੍ਰਸਾਸ਼ਨ ਨੂੰ ਸਮੇਂ ਸਿਰ ਜਾਣਕਾਰੀ ਦੇਣ ਤਾਂ ਜ਼ੋ ਅਮਨ ਤੇ ਕਾਨੂੰਨ ਦੀ ਸਥਿਤੀ ਨੂੰ ਪੂਰੀ ਤਰ੍ਹਾਂ ਬਰਕਰਾਰ ਰੱਖਿਆ ਜਾ ਸਕੇ ਉਨਾਂ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਯੁੱਧ ਨਸ਼ਿਆਂ ਵਿਰੁੱਧ ਜੰਗ ਪੂਰੇ ਸੂਬੇ ਵਿੱਚ ਛੇੜੀ ਗਈ ਹੈ ਜਿਸ ਤਹਿਤ ਵੱਡੀਆਂ ਕਾਰਵਾਈਆਂ ਕੀਤੀਆਂ ਜਾ ਰਹੀਆਂ ਹਨ।

ਨੌਜਵਾਨ ਦੀ ਮੌਤ 'ਤੇ ਪਰਵਾਰ ਨੇ ਲਾਇਆ ਧਰਨਾ

ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ) ਬੀਤੀ ਦਿਨੀਂ ਪਿੰਡ ਖਨੌੜਾ ਦੇ ਵਸਨੀਕ ਹਰਵਿੰਦਰ ਕੁਮਾਰ ਦੀ ਹੋਈ ਮੌਤ ਦੇ ਸੰਬੰਧ ਵਿੱਚ ਪਰਵਾਰ ਨੇ ਰੋਸ ਵਜੋਂ ਹੁਸ਼ਿਆਰਪੁਰ-ਫਗਵਾੜਾ ਜੀ ਟੀ ਰੋਡ ਪਿੰਡ ਫੁਗਲਾਣਾ ਬੱਸ ਅੱਡਾ ਵਿਖੇ ਧਰਨਾ ਲਾ ਕੇ ਰੋਡ ਜਾਮ ਕੀਤਾ।ਪਰਵਾਰ ਨੇ ਦੱਸਿਆ ਕਿ ਥਾਣਾ ਮੇਹਟੀਆਣਾ ਵਿਖੇ ਰਿਪੋਰਟ ਲਿਖਵਾਈ ਸੀ ਪਰ ਪੁਲਸ ਨੇ ਦੋਸ਼ੀਆਂ ਖਿਲਾਫ ਕੋਈ ਕਾਰਵਾਈ ਨਹੀਂ ਕੀਤੀ ।ਜਿਸ ਦੇ ਰੋਸ ਵਜੋਂ ਜਾਮ ਲਗਾਇਆ ਹੈ।ਮੌਕੇ 'ਤੇ ਪਹੁੰਚੇ ਉੱਚ ਅਧਿਕਾਰੀਆਂ ਨੇ ਪਰਵਾਰ ਨੂੰ ਭਰੋਸਾ ਦਵਾਇਆ ਕਿ ਦੋਸ਼ੀਆਂ ਖਿਲਾਫ ਜਲਦ ਤੋਂ ਜਲਦ ਕਾਰਵਾਈ ਕੀਤੀ ਜਾਵੇਗੀ। ਪ੍ਰਸ਼ਾਸਨ ਦੇ ਇਸ ਭਰੋਸੇ 'ਤੇ ਪਰਵਾਰ ਨੇ ਧਰਨਾ ਚੁੱਕਿਆ ਅਤੇ ਰੋਡ ਚਾਲੂ ਕੀਤਾ ਗਿਆ।

ਦੰਦਾਂ ਤੇ ਮੂੰਹ ਦੀ ਸੁਚੱਜੇ ਢੰਗ ਨਾਲ ਦੇਖਭਾਲ ਕਰਨ ਦੀ ਲੋੜ : ਡਾ. ਮਾਨ

ਬਲਾਚੌਰ (ਜਸਵਿੰਦਰ ਬੈਂਸ)— ਲੈਫ. ਜਨਰਲ ਬਿਕਰਮ ਸਿੰਘ ਸਬ ਡਵੀਜ਼ਨਲ ਹਸਪਤਾਲ, ਬਲਾਚੌਰ ਦੇ ਸੀਨੀਅਰ ਮੈਡੀਕਲ ਅਫਸਰ ਡਾ. ਕੁਲਵਿੰਦਰ ਮਾਨ ਅਤੇ ਡਿਪਟੀ ਡਾਇਰੈਕਟਰ-ਕਮ-ਜ਼ਿਲ੍ਹਾ ਡੈਂਟਲ ਹੈਲਥ ਅਫਸਰ, ਸ਼ਹੀਦ ਭਗਤ ਸਿੰਘ ਨਗਰ ਡਾ. ਰਾਜ ਕੁਮਾਰੀ ਦੀ ਯੋਗ ਰਹਿਨੁਮਾਈ ਹੇਠ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਟਕਾਰਲਾ ਵਿਖੇ ਸਕੂਲੀ ਬੱਚਿਆਂ ਦੇ ਦੰਦਾਂ ਅਤੇ ਅੱਖਾਂ ਦੀ ਸਕਰੀਨਿੰਗ ਲਈ ਮੁਫ਼ਤ ਚੌਕਅਪ ਕੈਂਪ ਲਗਾਇਆ ਗਿਆ। ਹਸਪਤਾਲ ਦੇ ਸੀਨੀਅਰ ਮੈਡੀਕਲ ਅਫਸਰ ਡਾ. ਕੁਲਵਿੰਦਰ ਮਾਨ ਨੇ ਦੱਸਿਆ ਕਿ ਸਕੂਲ ਵਿੱਚ ਮੈਡੀਕਲ ਅਫਸਰ (ਡੈਂਟਲ) ਡਾ. ਰੁਪਿੰਦਰ ਕੌਰ ਨੇ ਬੱਚਿਆਂ ਦੇ ਦੰਦਾਂ ਅਤੇ ਅਪਥਾਲਮਿਕ ਅਫ਼ਸਰ ਹਰਜਿੰਦਰ ਸਿੰਘ ਨੇ ਬੱਚਿਆਂ ਦੀਆਂ ਅੱਖਾਂ ਦੀ ਸਕਰੀਨਿੰਗ ਕੀਤੀ। ਇਸ ਮੌਕੇ ਆਰ.ਬੀ.ਐੱਸ.ਕੇ. ਟੀਮ ਦੇ ਆਯੂਰਵੈਦਿਕ ਮੈਡੀਕਲ ਅਫ਼ਸਰ ਵੀ ਮੌਜੂਦ ਸਨ। ਬੱਚਿਆਂ ਨੂੰ ਦੰਦਾਂ ਦੀ ਸੰਭਾਲ ਬਾਰੇ ਸਿਹਤ ਸਿੱਖਿਆ ਵੀ ਦਿੱਤੀ ਤੇ ਦੰਦਾਂ ਅਤੇ ਮੂੰਹ ਦੀ ਸੁਚੱਜੇ ਢੰਗ ਨਾਲ ਦੇਖਭਾਲ ਕਰਨ ਦੀ ਲੋੜ 'ਤੇ ਜ਼ੋਰ ਦਿੱਤਾ। ਉਨ੍ਹਾਂ ਕਿਹਾ ਕਿ ਦਿਨ ਵਿੱਚ ਦੋ ਵਾਰੀ ਦੰਦਾਂ ਦੀ ਸਾਫ-ਸਫਾਈ ਯਕੀਨੀ ਬਣਾਉਣੀ ਚਾਹੀਦੀ ਹੈ।

41ਵਾਂ ਸਵੈ ਇੱਛਕ ਖੂਨਦਾਨ ਕੈਂਪ 13 ਨੂੰ

ਆਦਮਪੁਰ (ਪਰਮਜੀਤ ਸਿੰਘ)- ਵਿਸਾਖੀ ਦੇ ਸ਼ੁਭ ਦਿਹਾੜੇ ਤੇ 13 ਅਪ੍ਰੈਲ ਨੂੰ ਸਵੇਰੇ 9 ਵਜੇ ਤੋਂ ਸ਼ਾਮ 4 ਵਜੇ ਤੱਕ ਗੁਰਦੁਆਰਾ ਸ਼ਹੀਦ ਬਾਬਾ ਮੱਤੀਂ ਸਾਹਿਬ ਜੀ ਡਰੋਲੀ ਕਲਾਂ ਵਿਖੇ ਦਸਵੰਧ ਗਰੀਬਾਂ ਲਈ ਐਨ ਜੀ ਓ ਪੰਜਾਬ ਦੇ ਮੁੱਖ ਸੇਵਾਦਾਰ ਭਾਈ ਸੁਖਜੀਤ ਸਿੰਘ ਮਿਨਹਾਸ ਅਤੇ ਸਮੂਹ ਮੈਂਬਰੋਂ, ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪੂਰਨ ਸਹਿਯੋਗ ਨਾਲ ਲਗਵਾਇਆ ਜਾ ਰਿਹਾ ਹੈ। ਖਾਲਸਾ ਬਲੱਡ ਯੂਨਿਟ ਅੰਮ੍ਰਿਤਸਰ ਤੋਂ ਵਿਸ਼ੇਸ਼ ਕਰਕੇ ਪਹੁੰਚ ਰਹੀ ਹੈ।

ਕਣਕ ਦੀ ਨਵੀਂ ਫਸਲ ਮੰਡੀਆਂ 'ਚ ਆਉਣ 'ਤੇ ਅਖੰਡ ਪਾਠ ਸਾਹਿਬ ਦੇ ਭੋਗ ਪਾਏ

ਫਿਲੌਰ (ਨਿਰਮਲ)- ਇਲਾਕੇ ਦੀਆਂ ਮੰਡੀਆਂ ਵਿੱਚ ਕਣਕ ਦੀ ਨਵੀਂ ਫਸਲ ਆਉਣ ਦੀ ਖੁਸ਼ੀ ਵਿੱਚ ਟਰੱਕ ਆਪਰੇਟਰ ਯੂਨੀਅਨ ਫਿਲੌਰ ਦੇ ਸਮੂਹ ਮੈਂਬਰਾਂ, ਟਰੱਕ ਮਾਲਕਾਂ, ਡਰਾਈਵਰਾਂ, ਕਲੀਡਰਾਂ ਵੱਲੋਂ ਹਰ ਸਾਲ ਵਾਂਗ ਯੂਨੀਅਨ ਦੇ ਦਫਤਰ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ ਦੇ ਭੋਗ ਪਾਏ ਗਏ ਕੀਰਤਨ ਉਪਰੰਤ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ। ਇਲਾਕੇ ਵਿੱਚ ਸੁੱਖ ਸ਼ਾਂਤੀ ਬਣਾਈ ਰੱਖਣ, ਟਰੱਕ ਯੂਨੀਅਨ ਉੱਤੇ ਵਾਹਿਗੁਰੂ ਦੀ ਕਿਰਪਾ ਰੱਖਣ ਅਤੇ ਚੜ੍ਹਦੀ ਕਲਾ ਵਿੱਚ ਰੱਖਣ ਲਈ ਅਰਦਾਸ ਕੀਤੀ ਗਈ। ਰਾਗੀ ਜਥੇ ਵੱਲੋਂ ਸੰਗਤਾਂ ਨੂੰ ਮਨੋਹਰ ਕੀਰਤਨ ਰਾਹੀਂ ਗੁਰੂ ਚਰਨਾਂ ਨਾਲ ਜੋੜਿਆ ਗਿਆ। ਇਸ ਮੌਕੇ ਤੇ ਲਖਵੀਰ ਸਿੰਘ,ਪੰਡਿਤ ਰਾਕੇਸ਼ ਕੁਮਾਰ,ਕੁਲਵੀਰ ਸਿੰਘ ਨਗਰ,ਪਰਮਿੰਦਰ ਸਿੰਘ,ਜਗਤਾਰ ਸਿੰਘ ਅਤੇ ਸਮੂਹ ਟਰੱਕ ਡਰਾਈਵਰ,ਕਲੀਂਡਰ ਅਤੇ ਇਲਾਕੇ ਦੇ ਪਤਵੰਤੇ ਹਾਜਰ ਸਨ। ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ।

ਆਦਮਪੁਰ ਵਿਖੇ ਰਾਮ ਨੌਮੀ ਮਹਾਂਉਤਸਵ ਮਨਾਇਆ

ਆਦਮਪੁਰ (ਪਰਮਜੀਤ ਸਿੰਘ):- ਇਥੇ ਸ੍ਰੀ ਰਾਮ ਨੌਮੀ ਮਹਾਂਉਤਸਵ ਬੜੀ ਉਤਸ਼ਾਹ ਅਤੇ ਸ਼ਰਧਾ ਪੂਰਵਕ ਮਨਾਇਆ ਗਿਆ। ਧਾਰਮਿਕ ਉਤਸਵ ਸੰਮਤੀ ਆਦਮਪੁਰ ਦੇ ਚੇਅਰਮੈਨ ਸਵਾਮੀ ਰਾਮ ਭਾਰਤੀ ਅਤੇ ਪ੍ਰਧਾਨ ਮੰਗਤ ਰਾਮ ਸ਼ਰਮਾ ਦੀ ਦੇਖ ਰੇਖ ਹੇਠ ਰਾਮ ਨੌਮੀ ਵਾਲੇ ਦਿਨ ਸਵੇਰੇ ਸ਼ਿਵ ਮੰਦਿਰ (ਐੱਸ.ਡੀ.ਪਬਲਿਕ ਸਕੂਲ) ਸੁੰਦਰ ਕਾਂਡ ਦਾ ਪਾਠ ਕਰਵਾਇਆ ਗਿਆ।♦ ਇਸ ਤੋ ਬਾਅਦ ਵਿਸ਼ਾਲ ਸ਼ੋਭਾ ਯਾਤਰਾ ਕੱਢੀ ਗਈ । ਇਸ ਸ਼ੋਭਾ ਯਾਤਰਾ ਦਾ ਸ਼ੁੱਭ ਆਰੰਭ ਐੱਸ.ਡੀ.ਐੱਮ. ਵਿਵੇਕ ਕੁਮਾਰ ਮੋਦੀ ਅਤੇ ਉਨ੍ਹਾਂ ਦੀ ਧਰਮ ਪਤਨੀ ਵਿਧੀ ਵਲੋਂ ਨਾਰੀਅਲ ਤੋੜ ਕੇ ਕੀਤਾ ਗਿਆ। ਇਹ ਸ਼ੋਭਾ ਯਾਤਰਾ ਸ਼ਿਵ ਮੰਦਿਰ ਅਲਾਵਲਪੁਰ ਰੋਡ ਤੋ ਸ਼ੁਰੂ ਹੋ ਕੇ ਮੇਨ ਰੋਡ ਤੋਂ ਆਦਮਪੁਰ ਸ਼ਹਿਰ ਦੀ ਪਰਕਰਿਮਾ ਕਰਦੀ ਹੋਈ ਐੱਮ.ਈ.ਐੱਸ ਰੋਡ,ਰੇਲਵੇ ਰੋਡ ਤੋਂ ਹੁੰਦੀ ਹੋਈ ਮੇਨ ਰੋਡ ਤੋ ਸ਼ਿਵ ਮੰਦਿਰ ਤੇ ਸਮਾਪਤ ਹੋਈ। ਇਸ ਮੌਕੇ ਸ਼ੋਭਾ ਯਾਤਰਾ ਦੌਰਾਨ ਭਗਤਾ ਵਲੋ ਜਗ੍ਹਾ - ਜਗ੍ਹਾ ਲੰਗਰ ਲਗਾਏ ਅਤੇ ਸ਼ੋਭਾ ਯਾਤਰਾ ਤੇ ਫੁੱਲਾਂ ਦੀ ਵਰਖਾ ਕੀਤੀ ਗਈ। ਇਸ ਮੌਕੇ ਸਾਬਕਾ ਵਿਧਾਇਕ ਪਵਨ ਕੁਮਾਰ ਟੀਨੂੰ, ਵਿਪਨ ਉਪਲ ਅਤੇ ਨੀਸਾ ਉਪਲ,ਰਜਿੰਦਰ ਗਿਰੀ,ਕਾਰਜ ਸਾਧਕ ਅਫਸਰ ਰਾਮ ਜੀਤ, ਗੁਲਸ਼ਨ ਦਿਲਬਾਗੀ,ਸੁਦਾਮਾ ਭਗਤ,ਪਵਨ ਬਸੀ,ਸਤੀਸ਼ ਅਗਨੀਹੋਤਰੀ, ਮੀਨਾ ਪਰਾਸ਼ਰ, ਅਨਿਲ ਸ਼ਰਮਾ, ਜਤਿੰਦਰ ਡੋਗਰਾ,ਕੁਲਦੀਪ ਦੁੱਗਲ, ਪਵਨ ਉਬਰਾਏ, ਚਰਨਜੀਤ ਸਿੰਘ ਸ਼ੇਰੀ,ਰੋਹਿਤ ਪੰਡੋਰੀ ਨਿੱਝਰਾਂ, ਅਸ਼ਵਨੀ ਪੁਰੰਗ, ਰਮਨ ਬੇਬੀ ਪੁਰੰਗ, ਰਾਜ ਕੁਮਾਰ ਪਾਲ,ਵਿਜੇ ਯਾਦਵ ਅਤੇ ਹੋਰ ਵੱਡੀ ਗਿਣਤੀ ਵਿੱਚ ਰਾਮ ਭਗਤ ਹਾਜਰ ਹੋਏ।

ਗਰਭਵਤੀ ਔਰਤਾਂ ਨੂੰ ਵਿਸ਼ੇਸ਼ ਸਾਵਧਾਨੀਆਂ ਵਰਤਣ ਦੀ ਲੋੜ : ਡਾ. ਸੂਰੀ

ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)- ਸੂਰੀ ਹਸਪਤਾਲ ਦੇ ਡਾਕਟਰ ਅਮਨਦੀਪ ਸੂਰੀ ਨੇ ਕਿਹਾ ਕਿ ਬਦਲਦੇ ਮੌਸਮ 'ਚ ਗਰਭਵਤੀ ਔਰਤਾਂ ਨੂੰ ਆਪਣੇ ਸਰੀਰ ਲਈ ਵਿਸ਼ੇਸ਼ ਸਾਵਧਾਨੀਆਂ ਵਰਤਣ ਦੀ ਲੋੜ ਹੈ। ਮਾਵਾਂ ਨੂੰ ਦੁੱਧ ਪਿਲਾਉਣ ਦੇ ਨਾਲ-ਨਾਲ ਆਪਣੇ ਬੱਚਿਆਂ ਨੂੰ ਪੌਸ਼ਟਿਕ ਭੋਜਨ ਜਿਵੇਂ ਦਾਲ ਪਾਣੀ, ਰੋਟੀਆਂ, ਦਲੀਆ ਆਦਿ ਵੀ ਖੁਆਉਣਾ ਚਾਹੀਦਾ ਹੈ । ਦੋ ਸਾਲ ਤੱਕ ਆਪਣੇ ਬੱਚਿਆਂ ਨੂੰ ਸਿਰਫ਼ ਦੁੱਧ 'ਤੇ ਹੀ ਨਿਰਭਰ ਰੱਖਣ ਵਾਲੀ ਮਾਂ ਕੁਪੋਸ਼ਣ ਦਾ ਸ਼ਿਕਾਰ ਹੋ ਸਕਦੀ ਹੈ। ਉਨ੍ਹਾਂ ਗਰਭਵਤੀ ਔਰਤਾਂ ਨੂੰ ਖੂਨ ਦੀ ਕਮੀ ਨੂੰ ਪੂਰਾ ਕਰਨ ਲਈ ਦਵਾਈਆਂ ਲੈਣ ਲਈ ਵੀ ਕਿਹਾ। ਉਨ੍ਹਾਂ ਕਿਹਾ ਕਿ ਤਰਲ ਪਦਾਰਥ ਜਿਵੇਂ ਪਾਣੀ, ਨਿੰਬੂ ਪਾਣੀ, ਲੱਸੀ, ਓ.ਆਰ.ਐੱਸ ਦੇ ਘੋਲ ਦਾ ਵੱਧ ਤੋਂ ਵੱਧ ਸੇਵਨ ਕੀਤਾ ਜਾਵੇ। ਜ਼ਿਆਦਾ ਮਿਰਚ ਅਤੇ ਮਸਾਲੇਦਾਰ ਭੋਜਨ ਅਤੇ ਬਾਜ਼ਾਰ ਦੇ ਖਾਣੇ ਤੋਂ ਪ੍ਰਹੇਜ਼ ਕੀਤਾ ਜਾਵੇ, ਕੂਲਰ ਜਾਂ ਏ.ਸੀ ਵਾਲੇ ਕਮਰੇ ਵਿਚ ਬੈਠਣ ਤੋਂ ਬਾਅਦ ਇਕਦਮ ਧੁੱਪ ਵਿਚ ਨਾ ਨਿਕਲਿਆ ਜਾਵੇ।

ਜੱਸਲ ਵੱਲੋਂ ਮਨੋਰੰਜਨ ਕਾਲੀਆ ਦੇ ਘਰ 'ਤੇ ਹਮਲੇ ਦੀ ਸਖਤ ਨਿੰਦਾ

ਆਦਮਪੁਰ (ਪਰਮਜੀਤ ਸਿੰਘ):- ਭਾਰਤੀ ਜਨਤਾ ਪਾਰਟੀ ਵਿਧਾਨ ਸਭਾ ਹਲਕੇ ਦੇ ਕਨਵੀਨਰ ਜਗਦੀਸ਼ ਕੁਮਾਰ ਜੱਸਲ ਨੇ ਮਨੋਰੰਜਨ ਕਾਲੀਆ ਦੇ ਘਰ 'ਤੇ ਹੱਥਗੋਲੇ ਨਾਲ ਕੀਤੇ ਗਏ ਹਮਲੇ ਦੀ ਸਖਤ ਨਿੰਦਾ ਕੀਤੀ। ਉਨ੍ਹਾਂ ਕਿਹਾ ਕਿ ਇਹ ਇੱਕ ਬਹੁਤ ਹੀ ਖਤਰਨਾਕ ਸਾਜ਼ਿਸ਼ ਵਾਲੀ ਘਟਨਾ ਹੈ, ਜਿਸਦੇ ਪਿੱਛੇ ਦੀ ਸੱਚਾਈ ਜਾਣਨ ਦੀ ਲੋੜ ਹੈ ਕਿਉਂਕਿ ਪੰਜਾਬ ਤੋਂ ਭਾਰਤੀ ਜਨਤਾ ਪਾਰਟੀ ਦੇ ਇੱਕ ਵੱਡੇ ਨੇਤਾ, ਸਾਬਕਾ ਮੰਤਰੀ ਮਨੋਰੰਜਨ ਕਾਲੀਆ ਨੂੰ ਨਿਸ਼ਾਨਾ ਬਣਾਉਣਾ ਮਾਹੌਲ ਨੂੰ ਵਿਗਾੜਨ ਦੇ ਬਰਾਬਰ ਹੈ। ਇੰਨੀ ਵੱਡੀ ਘਟਨਾ ਨੂੰ ਕਿਸੇ ਵੀ ਹਾਲਤ ਵਿੱਚ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਜੇਕਰ ਦੇਸ਼ ਦੇ ਵੱਡੇ ਨੇਤਾ ਸੁਰੱਖਿਅਤ ਨਹੀਂ ਹਨ, ਤਾਂ ਪੰਜਾਬ ਵਿੱਚ ਆਮ ਲੋਕਾਂ ਦੀ ਕੀ ਹਾਲਤ ਹੋਵੇਗੀ। ਇਸ ਤੋਂ ਸਾਫ ਸਾਬਤ ਹੁੰਦਾ ਹੈ ਕਿ ਪੂਰੇ ਪੰਜਾਬ ਵਿੱਚ ਕਾਨੂੰਨ ਵਿਵਸਥਾ ਦੀ ਸਥਿਤੀ ਵਿਗੜ ਗਈ ਹੈ।

ਕਿਸਾਨ ਸੰਗਠਨਾਂ ਵੱਲੋਂ ਕੁਲ ਹਿੰਦ ਪੱਧਰ ਦੀ ਜੱਥੇਬੰਦੀ ਬਣਾਉਣ ਦਾ ਫੈਸਲਾ

ਜਲੰਧਰ (ਨਵਾਂ ਜ਼ਮਾਨਾ ਸਰਵਿਸ)- ਦੇਸ਼ ਦੇ ਪੰਦਰਾਂ ਸੂਬਿਆਂ 'ਚੋਂ ਪੁੱਜੇ ਵੱਖੋ-ਵੱਖ ਕਿਸਾਨ ਸੰਗਠਨਾਂ ਦੇ ਪ੍ਰਮੁੱਖ ਆਗੂਆਂ ਨੇ ਦੇਸ਼ ਭਗਤ ਯਾਦਗਾਰ ਜਲੰਧਰ ਵਿਖੇ ਹੋਈ ਸਾਂਝੀ ਮੀਟਿੰਗ ਦੌਰਾਨ ਸੰਜੀਦਾ ਵਿਚਾਰ-ਚਰਚਾ ਕਰਨ ਪਿਛੋਂ ਮੌਜੂਦਾ ਚੁਣੌਤੀਆਂ ਦੇ ਹਾਣ ਦੀ ਕੁੱਲ ਹਿੰਦ ਪੱਧਰ ਦੀ ਸਾਂਝੀ ਕਿਸਾਨ ਜਥੇਬੰਦੀ ਕਾਇਮ ਕਰਨ ਦਾ ਨਿਰਣਾ ਲਿਆ ਹੈ। ਜ਼ਿਕਰਯੋਗ ਹੈ ਕਿ ਉਕਤ ਕਿਸਾਨ ਸੰਗਠਨਾਂ ਨੇ ਦਿੱਲੀ ਦੀਆਂ ਬਰੂਹਾਂ 'ਤੇ 'ਸੰਯੁਕਤ ਕਿਸਾਨ ਮੋਰਚੇ' ਦੀ ਅਗਵਾਈ ਹੇਠ ਸ਼ਾਂਤਮਈ ਮੋਰਚੇ ਮੱਲ ਕੇ ਬਾਜ਼ਾਬਤਾ ਲੜੇ ਗਏ ਕਿਸਾਨ ਅੰਦੋਲਨ ਦੀ ਸ਼ਾਨਾਮੱਤੀ ਜਿੱਤ 'ਚ ਅਹਿਮ ਯੋਗਦਾਨ ਪਾਇਆ ਸੀ।ਮੀਟਿੰਗ ਦੀ ਪ੍ਰਧਾਨਗੀ ਡਾਕਟਰ ਸਤਨਾਮ ਸਿੰਘ ਅਜਨਾਲਾ ਤੇ ਐਡਵੋਕੇਟ ਕਿਰਨਜੀਤ ਸਿੰਘ ਸੇਖੋਂ (ਪੰਜਾਬ) ਅਨੁਭਵ ਦਾਸ ਸ਼ਾਸ਼ਤਰੀ (ਉੱਤਰ ਪ੍ਰਦੇਸ਼) , ਪੀ. ਓਪਿੰਦਰ ਰੇਡੀ(ਤਿਲੰਗਾਨਾ), ਕੇ ਨਾਗਾ ਭੂਸ਼ਣ ਰਾਓ (ਆਂਧਰਾ ਪ੍ਰਦੇਸ਼), ਰਾਜਿੰਦਰ ਪਰਾਂਜਪੇ (ਮਹਾਰਾਸ਼ਟਰ) ਨੇ ਕੀਤੀ। ਸਰਵ ਸਾਥੀ ਕੁਲਵੰਤ ਸਿੰਘ ਸੰਧੂ, ਰਤਨ ਸਿੰਘ ਰੰਧਾਵਾ ਤੇ ਰਘਬੀਰ ਸਿੰਘ ਬੈਨੀਪਾਲ (ਜਮਹੂਰੀ ਕਿਸਾਨ ਸਭਾ ਪੰਜਾਬ), ਮਨਦੀਪ ਸਿੰਘ ਨਥਵਾਨ (ਪਗੜੀ ਸੰਭਾਲ ਜੱਟਾ ਕਿਸਾਨ ਸੰਘਰਸ਼ ਸੰਮਤੀ ਹਰਿਆਣਾ), ਜੋਗਿੰਦਰ ਸਿੰਘ (ਕਿਸਾਨ ਤਾਲਮੇਲ ਕਮੇਟੀ ਜੰਮੂ-ਕਸ਼ਮੀਰ), ਸ਼ੋਨਜੋਏ ਰਾਊਤ (ਸ਼ੇਤਕਾਰੀ ਸੰਗਠਨ ਮਹਾਰਾਸ਼ਟਰ), ਪੀ.ਜੇ. ਮੋਨਸੀ (ਕੇਰਲਾ ਕ੍ਰਿਸ਼ਕ ਸੰਗਠਨ), ਗੋਡੋਗੋਨੀ ਰਵੀ (ਕੁਲ ਹਿੰਦ ਕਿਸਾਨ ਫੈਡਰੇਸ਼ਨ ਤਿਲੰਗਾਨਾ), ਸ਼ਬੀਰ ਅਹਿਮਦ (ਰਾਜਸਥਾਨ), ਭੂਪ ਨਾਰਾਇਣ ਸਿੰਘ (ਬਿਹਾਰ), ਆਰ. ਭਗਤ ਸਿੰਘ (ਤਾਮਿਲਨਾਡੂ), ਆਜ਼ਾਦ ਸਿੰਘ ਮੀਰਾਨ ਤੇ ਰਮੇਸ਼ ਰੱਤਾਖੇੜਾ (ਹਰਿਆਣਾ), ਜੋਤਿਸ਼ ਮੰਡਲ (ਪੱਛਮੀ ਬੰਗਾਲ) ਨੇ ਆਪੋ-ਆਪਣੇ ਸੰਬੋਧਨ ਰਾਹੀਂ ਸਾਥੀ ਐਮ. ਅਸ਼ੋਕ ਓਮਕਾਰ ਵਲੋਂ ਕਿਸਾਨ ਅੰਦੋਲਨ ਦੀ ਠੀਕ ਦਿਸ਼ਾ ਵਿਚ ਪ੍ਰਗਤੀ ਲਈ ਵਿਚਾਰ-ਵਟਾਂਦਰੇ ਹਿਤ ਪੇਸ਼ ਕੀਤੇ ਗਏ ਦਸਤਾਵੇਜ਼ (ਖਰੜੇ) ਵਿਚ ਦਰਸਾਈ ਸੇਧ ਨਾਲ ਸਹਿਮਤੀ ਪ੍ਰਗਟਾਈ। ਬੁਲਾਰਿਆਂ ਵਲੋਂ ਰੱਖਿਆ ਗਿਆ ਵੱਖੋ-ਵੱਖ ਸੂਬਿਆਂ ਅੰਦਰ ਕਿਸਾਨੀ ਮੰਗਾਂ ਲਈ ਜੂਝ ਰਹੇ ਕਿਸਾਨ ਸੰਗਠਨਾਂ ਦੀ ਕੁੱਲ ਹਿੰਦ ਪੱਧਰ ਦੀ ਸਾਂਝੀ ਜੱਥੇਬੰਦੀ ਕਾਇਮ ਕਰਨ ਦਾ ਸੁਝਾਅ ਸਰਵ ਸੰਮਤੀ ਨਾਲ ਪ੍ਰਵਾਨ ਕੀਤਾ ਗਿਆ। ਬੁਲਾਰਿਆਂ ਨੇ ਤਿੰਨ ਕਾਲੇ ਖੇਤੀ ਕਨੂੰਨ ਰੱਦ ਕਰਵਾਉਣ ਲਈ ਲੜੇ ਗਏ ਕਿਸਾਨ ਸੰਘਰਸ਼ ਦੀ ਸਫਲਤਾਪੂਰਵਕ ਅਗਵਾਈ ਕਰਨ ਵਾਲੇ ਕਿਸਾਨ ਸੰਗਠਨਾਂ 'ਚ ਆਪਣੀਆਂ ਏਜੰਸੀਆਂ ਦੇ ਹੱਥ ਠੋਕੇ ਤੱਤਾਂ ਅਤੇ ਪਿਛਾਖੜੀ ਅਨਸਰਾਂ ਰਾਹੀਂ ਫੁੱਟ ਪਵਾਉਣ ਦੀਆਂ ਕੇਂਦਰ ਦੀ ਮੋਦੀ ਸਰਕਾਰ ਦੀਆਂ ਸਾਜ਼ਿਸ਼ਾਂ ਦੀ ਪਛਾਣ ਕਰਨ ਅਤੇ ਪਛਾੜਣ ਦਾ ਸੱਦਾ ਦਿੱਤਾ।ਮੀਟਿੰਗ ਵਲੋਂ ਪਿੰਡ ਤੋਂ ਪ੍ਰਾਂਤ ਪੱਧਰ ਤੱਕ ਦੀਆਂ ਜੱਥੇਬੰਦਕ ਚੋਣਾਂ ਕਰਵਾਉਣ ਅਤੇ ਕੁਲ ਹਿੰਦ ਕਾਨਫਰੰਸ ਕਰਵਾਉਣ ਦਾ ਨਿ

11-APR-PAGE-10.qxd 4/10/2025 10:42 PM Page 1

ਖੰਟ ਮਾਨਪੁਰ ਤੇ ਜਟਾਣਾ ਉੱਚਾ ਵਿਖੇ ਫਲਾਈਓਵਰਾਂ ਲਈ 27 ਕਰੋੜ ਮਨਜ਼ੂਰ : ਡਾ. ਅਮਰ ਸਿੰਘ

ਸਮਰਾਲਾ (ਸੁਰਜੀਤ ਸਿੰਘ)-ਡਾ. ਅਮਰ ਸਿੰਘ ਸੰਸਦ ਮੈਂਬਰ ਸ੍ਰੀ ਫਤਿਹਗੜ੍ਹ ਸਾਹਿਬ ਨੇ ਪ੍ਰੈੱਸ ਨੂੰ ਦੱਸਿਆ ਕਿ ਰਾਸ਼ਟਰੀ ਰਾਜਮਾਰਗ ਅਥਾਰਟੀ ਆਫ਼ ਇੰਡੀਆ ਦੁਆਰਾ ਖੰਟ ਮਾਨਪੁਰ ਤੇ ਜਟਾਣਾ ਉੱਚਾ ਵਿਖੇ ਫਲਾਈਓਵਰਾਂ ਨੂੰ ਪੂਰਾ ਕਰਨ ਲਈ 27 ਕਰੋੜ ਰੁਪਏ ਮਨਜ਼ੂਰ ਕੀਤੇ ਗਏ ਹਨ।ਸਬੰਧਤ ਫਲਾਈਓਵਰ ਲੰਬੇ ਸਮੇਂ ਤੋਂ ਅਧੂਰੇ ਪਏ ਹਨ, ਜਿਸ ਕਾਰਨ ਸਥਾਨਕ ਨਿਵਾਸੀਆਂ ਤੇ ਯਾਤਰੀਆਂ ਦੋਵਾਂ ਨੂੰ ਬਹੁਤ ਪ੍ਰੇਸ਼ਾਨੀ ਹੋ ਰਹੀ ਹੈ।ਡਾ. ਅਮਰ ਸਿੰਘ ਨੇ ਹਾਲ ਹੀ ਵਿੱਚ ਕੇਂਦਰੀ ਰਾਜਮਾਰਗ ਮੰਤਰੀ ਨਿਤਿਨ ਗਡਕਰੀ ਤੇ ਚੇਅਰਮੈਨ ਰਾਸ਼ਟਰੀ ਰਾਜਮਾਰਗ ਅਥਾਰਟੀ ਕੋਲ ਇਹ ਮੁੱਦਾ ਉਠਾਇਆ ਸੀ।ਉਨ੍ਹਾਂ ਖਰਚ ਲੁਧਿਆਣਾ ਐਕਸਪ੍ਰੈੱਸਵੇਅ ਨੂੰ ਪੰਜਾਬ ਦੀਆਂ ਸਭ ਤੋਂ ਮਹੱਤਵਪੂਰਨ ਸੜਕਾਂ ਵਿੱਚੋਂ ਇੱਕ ਦੱਸਿਆ ਸੀ। ਜਟਾਣਾ ਉੱਚਾ ਤੇ ਖੰਟ ਮਾਨਪੁਰ ਵਿਖੇ ਅਧੂਰੇ ਹਿੱਸਿਆਂ ਵਿੱਚ ਟ੍ਰੈਫਿਕ ਨੂੰ ਸਰਵਿਸ ਲੇਨਾਂ ਵਿੱਚ ਧੱਕਿਆ ਜਾ ਰਿਹਾ ਹੈ।ਸਮੇਂ ਦੇ ਨਾਲ-ਨਾਲ ਇਹ ਬਿੰਦੂ ਹਾਈਵੇਅ 'ਤੇ ਵੱਡੀਆਂ ਰੁਕਾਵਟਾਂ ਬਣ ਗਏ ਹਨ ਤੇ ਅਕਸਰ ਜਾਮ ਲੱਗਦੇ ਹਨ। ਡਾ. ਸਿੰਘ ਨੇ ਫਲਾਈਓਵਰਾਂ ਨੂੰ ਪੂਰਾ ਕਰਨ ਲਈ 27 ਕਰੋੜ ਰੁਪਏ ਦੀ ਪ੍ਰਵਾਨਗੀ ਦੇਣ ਵਿੱਚ ਤੁਰੰਤ ਪ੍ਰਤੀਕਿਰਿਆ ਦੇਣ ਲਈ ਮੰਤਰੀ ਤੇ ਰਾਸ਼ਟਰੀ ਰਾਜਮਾਰਗ ਅਥਾਰਟੀ ਆਫ਼ ਇੰਡੀਆ ਦਾ ਧੰਨਵਾਦ ਕੀਤਾ।ਉਨ੍ਹਾਂ ਉਮੀਦ ਪ੍ਰਗਟਾਈ ਕਿ ਇੱਕ ਵਾਰ ਪੂਰਾ ਹੋਣ ਤੋਂ ਬਾਅਦ ਇਹ ਦੋਵਾਂ ਪਿੰਡਾਂ ਦੇ ਵਸਨੀਕਾਂ ਨੂੰ ਰਾਹਤ ਦੇਵੇਗਾ, ਜਿਨ੍ਹਾਂ ਨੂੰ ਪਿਛਲੇ ਕਈ ਸਾਲਾਂ ਤੋਂ ਭਾਰੀ ਅਸੁਵਿਧਾ ਦਾ ਸਾਹਮਣਾ ਕਰਨਾ ਪੈ ਰਿਹਾ ਹੈ।ਅੰਤ ਵਿੱਚ ਉਨ੍ਹਾਂ ਕਿਹਾ ਕਿ ਇਹ ਯਾਤਰੀਆਂ ਨੂੰ ਸਰਵਿਸ ਲੇਨਾਂ 'ਤੇ ਜਾਮ ਵਿੱਚ ਫਸੇ ਬਿਨਾਂ ਯਾਤਰਾ ਕਰਨ ਦੇਵੇਗਾ।

ਮਾਡਰਨ ਕਾਲਜ ਵਿਖੇ ਵਿਸ਼ਵ ਸਿਹਤ ਦਿਵਸ ਮਨਾਇਆ

ਚੀਮਾ ਮੰਡੀ (ਰਵਿੰਦਰ ਚੀਮਾ)-ਵਿਸ਼ਵ ਸਿਹਤ ਦਿਵਸ ਮੌਕੇ ਮਾਡਰਨ ਕਾਲਜ ਆਫ ਐਜੂਕੇਸ਼ਨ ਬੀਰ ਕਲਾਂ (ਸੰਗਰੂਰ) ਵੱਲੋਂ ਵਿਸ਼ੇਸ਼ ਸਮਾਗਮ ਕਰਵਾਇਆ ਗਿਆ, ਜਿਸ ਦਾ ਮਕਸਦ ਵਿਦਆਰਥੀਆਂ ਵਿੱਚ ਸਿਹਤ ਪ੍ਰਤੀ ਜਾਗਰੂਕਤਾ ਪੈਦਾ ਕਰਨਾ ਸੀ।ਇਸ ਸਾਲ ਵਿਸ਼ਵ ਸਿਹਤ ਦਿਵਸ ਦਾ ਥੀਮ 'ਸਿਹਤ ਹਰ ਇੱਕ ਦਾ ਅਧਿਕਾਰ' ਸੀ।ਸਮਾਗਮ ਦੌਰਾਨ ਕਾਲਜ ਵਿੱਚ ਸਿਹਤ ਸੰਬੰਧੀ ਲੈਕਚਰ ਪੋਸਟਰ ਤੇ ਪਿੰਡ ਵਿੱਚ ਰੈਲੀ ਕੀਤੀ ਗਈ, ਜਿਸ 'ਚ ਵਿਦਿਆਰਥੀਆਂ ਨੂੰ ਸਰੀਰਕ, ਮਾਨਸਿਕ, ਸਮਾਜਿਕ ਤੰਦਰੁਸਤੀ ਬਾਰੇ ਜਾਣਕਾਰੀ ਦਿੱਤੀ ਗਈ।ਪਿੰਡ ਵਿੱਚ ਕੀਤੀ ਰੈਲੀ ਦੌਰਾਨ ਵਿਦਿਆਰਥੀਆਂ ਨੇ ਪੀਣ ਵਾਲੇ ਪਾਣੀ ਦੇ ਸੈਂਪਲ ਲਏ ਤੇ ਪਿੰਡ ਦੇ ਲੋਕਾਂ ਨੂੰ ਬੀਮਾਰੀਆਂ ਬਾਰੇ ਜਾਗਰੂਕ ਕੀਤਾ।ਕਾਲਜ ਦੇ ਚੇਅਰਮੈਨ ਡਾ. ਰਵਿੰਦਰ ਕੁਮਾਰ ਬਾਂਸਲ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਅਜਿਹੇ ਸਮਾਗਮ ਵਿਦਿਆਰਥੀਆਂ ਨੂੰ ਸਿਹਤ ਪ੍ਰਤੀ ਜ਼ਿੰਮੇਵਾਰ ਬਣਾਉਂਦੇ ਹਨ।ਉਨ੍ਹਾਂ ਸਿਹਤਮੰਦ ਆਹਾਰ, ਨਿਯਮਤ ਵਰਜਿਸ਼ ਤੇ ਮੈਡੀਕਲ ਜਾਂਚ ਦੀ ਅਹਿਮ ਭੂਮਿਕਾ 'ਤੇ ਜ਼ੋਰ ਦਿੱਤਾ।

ਗੁਰਪਤਵੰਤ ਪੰਨੂੰ ਦਾ ਪੁਤਲਾ ਫੂਕਿਆ

ਸੰਗਰੂਰ (ਪ੍ਰਵੀਨ ਸਿੰਘ)-ਬੀਤੇ ਦਿਨੀਂ ਗੁਰਪਤਵੰਤ ਪੰਨੂੰ ਵੱਲੋਂ ਬਾਬਾ ਸਾਹਿਬ ਡਾ: ਭੀਮ ਰਾਓ ਅੰਬੇਡਕਰ ਜੀ ਪ੍ਰਤੀ ਕਹੇ ਅਪਮਾਨਜਨਕ ਸ਼ਬਦਾਂ ਦੇ ਵਿਰੋਧ ਵਿੱਚ ਡਾ. ਭੀਮ ਰਾਓ ਵੈੱਲਫ਼ੇਅਰ ਸੁਸਾਇਟੀ ਨੇ ਸਖ਼ਤ ਸ਼ਬਦਾਂ ਵਿੱਚ ਨਿੰਦਿਆ ਕਰਦਿਆਂ ਸ਼ਹਿਰ ਦੇ ਡਾ: ਅੰਬੇਡਕਰ ਨਗਰ ਵਿਖੇ ਪੰਨੂੰ ਦਾ ਪੁਤਲਾ ਫੂਕਿਆ ਤੇ ਸਰਕਾਰ ਤੋਂ ਪੰਨੂੰ 'ਤੇ ਬਣਦੀ ਕਾਨੂੰਨੀ ਕਾਰਵਾਈ ਕਰਨ ਦੀ ਮੰਗ ਕੀਤੀ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਵੈੱਲਫੇਅਰ ਸੁਸਾਇਟੀ ਦੇ ਪ੍ਰਧਾਨ ਗੁਰਜੰਟ ਸਿੰਘ ਸਾਗਾ, ਚੇਅਰਮੈਨ ਰੌਸ਼ਨ ਲਾਲ, ਰਾਜਵੀਰ ਸਿੰਘ ਜਨਰਲ ਸਕੱਤਰ, ਕੈਸ਼ੀਅਰ ਬਾਬੂ ਲਾਲ ਰੰਗਾ ਤੇ ਮੈਂਬਰ ਚਰਨਜੀਤ ਸਿੰਘ ਨਫ਼ਰੀਆ ਨੇ ਕਿਹਾ ਕਿ ਬਾਬਾ ਸਾਹਿਬ ਦੇ ਬੁੱਤ ਨੂੰ ਖੰਡਿਤ ਕਰਨ ਤੇ ਦੇਸ਼ ਵਿਰੋਧੀ ਸਲੋਗਨ ਲਿਖਣ ਦੀਆਂ ਘਟਨਾਵਾਂ ਵਿੱਚ ਵਾਧਾ ਹੁੰਦਾ ਜਾ ਰਿਹਾ ਹੈ, ਜਿਸ ਕਾਰਨ ਸਾਰੇ ਦਲਿਤ ਭਾਈਚਾਰੇ ਵਿੱਚ ਰੋਸ ਦੀ ਲਹਿਰ ਹੈ।

ਉਨ੍ਹਾਂ ਕਿਹਾ ਕਿ ਅਜਿਹੀਆਂ ਘਟਨਾਵਾਂ ਨਾਲ ਦੇਸ਼ ਵਿਰੋਧੀ ਤਾਕਤਾਂ ਦੇਸ਼ ਦਾ ਮਾਹੌਲ ਖ਼ਰਾਬ ਕਰਨਾ ਚਾਹੁੰਦੀਆਂ ਹਨ। ਆਗੂਆਂ ਨੇ ਮੰਗ ਕੀਤੀ ਕਿ ਇਸ ਸਭ ਮਾਮਲੇ ਦੀ ਸੀ.ਬੀ.ਆਈ. ਜਾਂਚ ਹੋਣੀ ਚਾਹੀਦੀ ਹੈ ਤਾਂ ਜੋ ਸੱਚਾਈ ਸਾਹਮਣੇ ਆ ਸਕੇ। ਇਸ ਮੌਕੇ ਪ੍ਰਸ਼ਾਸਨਕ ਅਧਿਕਾਰੀ ਨੂੰ ਮੰਗ ਪੱਤਰ ਵੀ ਦਿੱਤਾ ਗਿਆ।

ਟੈਗੋਰ ਵਿਦਿਆਲਿਆ ਦਾ 8ਵੀਂ ਦਾ ਨਤੀਜਾ ਸ਼ਾਨਦਾਰ

ਲੌਂਗੋਵਾਲ (ਪ੍ਰਦੀਪ ਸਿੰਘ ਸੱਪਲ)-ਇਲਾਕੇ ਦੀ ਨਾਮਵਰ ਸੰਸਥਾ ਟੈਗੋਰ ਵਿਦਿਆਲਿਆ ਸੀਨੀਅਰ ਸੈਕੰਡਰੀ ਸਕੂਲ ਲੌਂਗੋਵਾਲ ਦੀ ਅੱਠਵੀਂ ਦੀ ਪ੍ਰੀਖਿਆ ਦਾ ਨਤੀਜਾ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਸ਼ਾਨਦਾਰ ਰਿਹਾ।ਇਸ ਸਕੂਲ ਦੇ ਵਿਦਿਆਰਥੀ ਨਵਦੀਪ ਕੌਰ ਪੁੱਤਰੀ ਗੁਰਪ੍ਰੀਤ ਸਿੰਘ ਨੇ 90.5 ਫੀਸਦੀ ਅੰਕ ਪ੍ਰਾਪਤ ਕਰਕੇ ਪਹਿਲਾ ਸਥਾਨ, ਅੰਚਦੀਪ ਕੌਰ ਪੁੱਤਰੀ ਕੁਲਦੀਪ ਸਿੰਘ ਨੇ 89.3 ਫੀਸਦੀ ਅੰਕ ਪ੍ਰਾਪਤ ਕਰਕੇ ਦੂਸਰਾ ਸਥਾਨ ਤੇ ਹਰਮਨਪ੍ਰੀਤ ਕੌਰ ਪੁੱਤਰੀ ਲੱਖਾ ਸਿੰਘ ਨੇ 89.3 ਫੀਸਦੀ ਅੰਕ ਪ੍ਰਾਪਤ ਕਰਕੇ ਦੂਸਰਾ ਸਥਾਨ ਅਤੇ ਨੂਰਦੀਪ ਕੌਰ ਪੁੱਤਰੀ ਗੁਰਜੀਤ ਸਿੰਘ ਨੇ 88.6 ਫੀਸਦੀ ਅੰਕ ਪ੍ਰਾਪਤ ਕਰਕੇ ਤੀਸਰਾ ਸਥਾਨ ਪ੍ਰਾਪਤ ਕੀਤਾ।ਇਸ ਤੋਂ ਇਲਾਵਾ ਜਮਾਤ ਦੇ ਬਹੁਤ ਸਾਰੇ ਵਿਦਿਆਰਥੀਆਂ ਨੇ 80 ਫੀਸਦੀ ਤੋਂ ਵੀ ਵੱਧ ਅੰਕ ਪ੍ਰਾਪਤ ਕਰਕੇ ਪ੍ਰੀਖਿਆ ਪਾਸ ਕੀਤੀ ਹੈ।ਸਕੂਲ ਦੀ ਇਸ ਵੱਡੀ ਸਫਲਤਾ ਤੋਂ ਖੁਸ਼ ਹੋ ਕੇ ਸੰਸਥਾ ਦੇ ਪ੍ਰਿੰਸੀਪਲ ਮੈਡਮ ਜਸਵਿੰਦਰ ਕੌਰ, ਮੈਨੇਜਮੈਂਟ ਮੈਂਬਰ ਕੁਲਦੀਪ ਸਿੰਘ ਮੰਡੇਰ, ਗੋਬਿੰਦ ਸਿੰਘ ਗਿੱਲ ਤੇ ਜਤਿੰਦਰ ਗਿਸ਼ੀ ਨੇ ਸਮੂਹ ਸਕੂਲ ਸਟਾਫ ਅਤੇ ਵਿਦਿਆਰਥੀਆਂ ਨੂੰ ਸ਼ਾਨਦਾਰ ਨਤੀਜੇ ਲਈ ਵਧਾਈ ਦਿੱਤੀ ਤੇ ਵਿਦਿਆਰਥੀਆਂ ਦਾ ਸਨਮਾਨ ਕੀਤਾ।

ਬਲਾਕ ਸੰਮਤੀ ਤੇ ਜ਼ਿਲ੍ਹਾ ਪ੍ਰੀਸ਼ਦ ਚੋਣਾਂ 'ਚ ਕਾਂਗਰਸ ਸ਼ਾਨਦਾਰ ਜਿੱਤ ਪ੍ਰਾਪਤ ਕਰੇਗੀ : ਕਾਕਾ ਰਣਦੀਪ ਸਿੰਘ

ਨਾਭਾ (ਵਰਿੰਦਰ ਵਰਮਾ)-ਹੋਣ ਵਾਲਿਆਂ ਬਲਾਕ ਸੰਮਤੀ ਤੇ ਜ਼ਿਲ੍ਹਾ ਪ੍ਰੀਸ਼ਦ ਚੋਣਾਂ 'ਚ ਕਾਂਗਰਸ ਪਾਰਟੀ ਸ਼ਾਨਦਾਰ ਜਿੱਤ ਪ੍ਰਾਪਤ ਕਰਗੀ।ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਸਾਬਕਾ ਮੰਤਰੀ ਕਾਕਾ ਰਣਦੀਪ ਸਿੰਘ ਨਾਭਾ ਨੇ ਸੀਨੀਅਰ ਕਾਗਰਸੀ ਆਗੂ ਤੇ ਐੱਮ ਡੀ ਰੂਪਰਾਏ ਕੰਬਾਈਨ ਹਰਜੀਤ ਸਿੰਘ ਰੂਪਰਾਏ ਦੀ ਬੇਟੀ ਤੇ ਅਵਤਾਰ ਸਿੰਘ ਰੂਪਰਾਏ, ਜਗਤਾਰ ਸਿੰਘ ਰੂਪਰਾਏ ਦੀ ਭਤੀਜੀ ਰਣਬੀਰ ਕੌਰ ਦੇ ਵਿਆਹ ਦੀ ਖੁਸ਼ੀ 'ਚ ਰੱਖੇ ਧਾਰਮਿਕ ਸਮਾਗਮ 'ਚ ਸ਼ਿਰਕਤ ਕਰਨ ਸਮੇਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਪ੍ਰਗਟਾਏ।ਉਨ੍ਹਾ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਹਰ ਫਰੰਟ 'ਤੇ ਫੇਲ੍ਹ ਹੋ ਚੁੱਕੀ ਹੈ ਤੇ ਸਾਲਾਨਾ ਬਜਟ 'ਚ ਹਰ ਵਰਗ ਨੂੰ ਅੱਖੋਂ ਪਰੋਖੇ ਕੀਤਾ ਗਿਆ ਹੈ।ਉਨ੍ਹਾਂ ਕਿਹਾ ਕਿ ਅਮਨ ਕਾਨੂੰਨ ਦੀ ਸਥਿਤੀ ਨੂੰ ਕਾਬੂ ਕਰਨ 'ਚ ਆਪ ਸਰਕਾਰ ਬੁਰੀ ਤਰ੍ਹਾਂ ਅਸਫਲ ਰਹੀ ਹੈ।ਕਾਕਾ ਰਣਦੀਪ ਸਿੰਘ ਨੇ ਕਿਹਾ ਕਿ ਸੂਬੇ ਭਰ ਵਿੱਚ ਰੋਜ਼ਾਨਾ ਹੀ ਕਤਲ ਹੋ ਰਹੇ ਹਨ ਤੇ ਲੁੱਟਾਂ ਖੋਹਾਂ ਦੀਆਂ ਵਾਰਦਾਤਾਂ ਦਿਨੋਂ ਦਿਨ ਵਧ ਰਹੀਆਂ ਹਨ।ਪੰਜਾਬ ਵਿੱਚ ਰੋਜ਼ਾਨਾ ਨਸ਼ੇ ਦਾ ਕਾਰੋਬਾਰ ਵਧਦਾ ਜਾ ਰਿਹਾ ਹੈ, ਜਿਸ ਨੂੰ ਵੇਖਦੇ ਹੋਏ ਪੰਜਾਬ ਦੀ ਜਨਤਾ ਦਾ ਆਮ ਆਦਮੀ ਪਾਰਟੀ ਦੀ ਸਰਕਾਰ ਤੋਂ ਮੋਹ ਭੰਗ ਹੋ ਚੁੱਕਿਆ ਹੈ।ਇਸ ਮੌਕੇ ਹਰੀ ਸਿੰਘ ਐਮ ਡੀ ਪ੍ਰੀਤ ਗਰੁੱਪ, ਚਰਨ ਸਿੰਘ ਰਲਹਣ ਐਮ ਡੀ ਮਲਕੀਤ ਕੰਬਾਈਨ, ਸੁਭਾਸ਼ ਸ਼ਾਹੀ ਪੀ ਏ ਕਾਕਾ ਰਣਦੀਪ ਸਿੰਘ, ਕੁਲਵੰਤ ਸਿੰਘ ਸਿਆਣ, ਐਡਵੋਕੇਟ ਮੱਖਣ ਸਿੰਘ, ਇੰਸਪੈਕਟਰ ਮੋਹਨ ਸਿੰਘ, ਜਸਪਾਲ ਸਿੰਘ, ਹਰਜਿੰਦਰ ਸਿੰਘ, ਗੁਰਦੀਪ ਸਿੰਘ ਧੀਮਾਨ ਰੋਡ ਟੈਂਕ ਕਲਿਆਣ, ਅਵਤਾਰ ਸਿੰਘ ਭੋਲਾ ਐੱਮ ਡੀ ਧੀਮਾਨ ਇੰਜ: ਵਰਕਸ ਬਖਸ਼ੀਵਾਲਾ, ਕੁਲਦੀਪ ਸਿੰਘ ਐੱਮ ਡੀ ਸਿਆਣ ਕੰਬਾਈਨ, ਬਲਜਿੰਦਰ ਸਿੰਘ ਦਸਮੇਸ਼ ਕੰਬਾਈਨ ਚਹਿਲ, ਰਣਜੀਤ ਸਿੰਘ ਗੋਲਡੀ ਭਾਦਸੋਂ, ਨਰੰਜਨ ਸਿੰਘ ਐੱਮ ਡੀ ਐੱਨ ਐੱਸ ਕੰਬਾਈਨ, ਲਖਵਿੰਦਰ ਸਿੰਘ ਲੱਖੀ ਐੱਮ ਡੀ ਗਹੀਰ ਕੰਬਾਈਨ, ਸੁਖਚੈਨ ਸਿੰਘ ਗੁਰਦਿਆਲ ਕੰਬਾਈਨ, ਸੁਖਦੇਵ ਸਿੰਘ ਢੀਂਡਸਾ, ਗੌਤਮ ਬਾਤਿਸ਼, ਗੁਰਬਖਸ਼ੀਸ਼ ਸਿੰਘ ਭੱਟੀ ਸਾਬਕਾ ਪ੍ਰਧਾਨ ਨਗਰ ਕੌਂਸਲ, ਲਖਵੀਰ ਸਿੰਘ ਐੱਮ ਡੀ ਪੰਜਾਬ ਗੋਲਡ ਕੰਬਾਈਨ, ਪ੍ਰਦੀਪ ਸਿੰਘ ਦੇਵ, ਅਵਤਾਰ ਸਿੰਘ ਮਠਾੜੂ ਤੋਂ ਇਲਾਵਾ ਰਿਸ਼ਤੇਦਾਰ ਦੋਸਤ-ਮਿੱਤਰ ਮੌਜੂਦ ਸਨ।

ਮੈਂਬਰ ਸਟੇਟ ਵਿਜੀਲੈਂਸ ਤੇ ਮੋਨੀਟਰਿੰਗ ਕਮੇਟੀ ਵੱਲੋਂ ਸਕੂਲ ਦਾ ਵਿਜ਼ਟ

ਸ੍ਰੀ ਮੁਕਤਸਰ ਸਾਹਿਬ (ਸਮੀਦਰਪਾਲ, ਪੂਜਾ)-ਸਟੇਟ ਵਿਜੀਲੈਂਸ ਤੇ ਮੋਨੀਟਰਿੰਗ ਕਮੇਟੀ ਦੇ ਮੈਂਬਰ ਮੈਡਮ ਕਮਲਪ੍ਰੀਤ ਕੌਰ ਸਮਾਘ ਵੱਲੋਂ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਦੇ ਪਿੰਡ ਉੜਾਂਗ ਵਿਖੇ ਸਥਿਤ ਸਰਕਾਰੀ ਪ੍ਰਾਇਮਰੀ ਸਕੂਲ ਦਾ ਵਿਜ਼ਟ ਕੀਤਾ ਗਿਆ, ਜਿੱਥੇ ਸਕੂਲ ਦੇ ਹੈੱਡ ਟੀਚਰ ਮੈਡਮ ਰਮਨਦੀਪ ਕੌਰ ਵੱਲੋਂ ਮੈਡਮ ਸਮਾਘ ਦਾ ਨਿੱਘਾ ਸਵਾਗਤ ਕਰਦਿਆਂ ਜੀ ਆਇਆਂ ਆਖਿਆ। ਇਸ ਮੌਕੇ ਮੈਡਮ ਕਮਲਪ੍ਰੀਤ ਕੌਰ ਸਮਾਘ ਨੇ ਸਕੂਲ ਦੀ ਰਸੋਈ 'ਚ ਬੱਚਿਆਂ ਲਈ ਬਣ ਰਹੇ ਮਿੱਡ ਡੇ ਮੀਲ ਬਾਰੇ ਜਾਣਕਾਰੀ ਪ੍ਰਾਪਤ ਕੀਤੀ ਤੇ ਬੱਚਿਆਂ ਨਾਲ ਵਾਰਤਾਲਾਪ ਕੀਤੀ ਅਤੇ ਬੱਚਿਆਂ ਨੇ ਸਕੂਲ ਅੰਦਰ ਬਣਾਏ ਜਾ ਰਹੇ ਮਿੱਡ ਡੇ ਮੀਲ ਦੌਰਾਨ ਖਾਣੇ ਸਬੰਧੀ ਸੰਤੁਸ਼ਟੀ ਪ੍ਰਗਟਾਈ। ਇਸ ਮੌਕੇ ਮੈਡਮ ਸਮਾਘ ਨੇ ਸਕੂਲ ਸਟਾਫ਼ ਨਾਲ ਗੱਲਬਾਤ ਕਰਦੇ ਹੋਏ ਮਿੱਡ ਡੇ ਮੀਲ ਨੂੰ ਹੋਰ ਵਧੀਆ ਢੰਗ ਨਾਲ ਚਲਾਉਣ ਲਈ ਸੁਝਾਅ ਮੰਗੇ, ਜਿਨ੍ਹਾਂ ਨੂੰ ਪੰਜਾਬ ਸਰਕਾਰ ਤੱਕ ਪਹੁੰਚਾਉਣ ਦਾ ਭਰੋਸਾ ਦਿੱਤਾ। ਇਸ ਮੌਕੇ ਸਕੂਲ ਦੇ ਹੈੱਡ ਮਿਸਟਰੈੱਸ ਰਮਨਦੀਪ ਕੌਰ, ਇੰਦਰਾ ਅਗਰਵਾਲ ਤੇ ਹੋਰ ਸਾਫ ਮੌਜੂਦ ਸੀ।

ਟਰੀਟਮੈਂਟ ਪਲਾਂਟ ਲੌਂਗੋਵਾਲ ਦੇ ਸੀਵਰੇਜ ਪ੍ਰਬੰਧਾਂ ਨੂੰ ਕਰੇਗਾ ਦਰੁਸਤ : ਅਮਨ ਅਰੋੜਾ

ਟਰੀਟਮੈਂਟ ਪਲਾਂਟ ਦੇ ਉਦਘਾਟਨ ਤੋਂ ਇਲਾਵਾ ਪਟਵਾਰਖਾਨੇ ਤੇ ਸਿੰਚਾਈ ਪ੍ਰਾਜੈਕਟ ਦਾ ਵੀ ਰੱਖਿਆ ਨੀਂਹ ਪੱਥਰ

ਲੌਂਗੋਵਾਲ (ਪ੍ਰਦੀਪ ਸਿੰਘ ਸੱਪਲ)-ਪੰਜਾਬ ਦੇ ਕੈਬਿਨਟ ਮੰਤਰੀ ਅਮਨ ਅਰੋੜਾ ਪ੍ਰਧਾਨ ਆਮ ਆਦਮੀ ਪਾਰਟੀ ਨੇ ਕਸਬਾ ਲੌਂਗੋਵਾਲ ਵਿੱਚ ਲਗਭਗ 13 ਕਰੋੜ ਦੀ ਲਾਗਤ ਨਾਲ ਤਿੰਨ ਅਹਿਮ ਵਿਕਾਸ ਕਾਰਜ ਸ਼ੁਰੂ ਕਰਵਾਏ।ਪਿਛਲੇ ਕਈ ਸਾਲਾਂ ਤੋਂ ਲਟਕੇ ਸੀਵਰੇਜ ਟਰੀਟਮੈਂਟ ਪਲਾਂਟ ਦਾ ਉਦਘਾਟਨ ਕਰਨ ਉਪਰੰਤ ਅਮਨ ਅਰੋੜਾ ਨੇ ਕਿਹਾ ਕਿ 11 ਕਰੋੜ ਦੀ ਲਾਗਤ ਨਾਲ ਬਣਨ ਵਾਲਾ 5 ਐੱਮ ਐੱਲ ਡੀ ਦਾ ਇਹ ਟਰੀਟਮੈਂਟ ਪਲਾਂਟ ਕਸਬੇ ਵਿਚਲੇ ਸੀਵਰੇਜ ਪ੍ਰਬੰਧਾਂ ਨੂੰ ਦਰੁਸਤ ਕਰੇਗਾ।ਉਨ੍ਹਾਂ ਕਿਹਾ ਕਿ ਅੱਜ ਅਸੀਂ ਇਕ ਹੋਰ ਪ੍ਰੋਜੈਕਟ ਦੀ ਸ਼ੁਰੂਆਤ ਕਰ ਰਹੇ ਹਾਂ, ਜਿਸ ਅਧੀਨ ਇਸ ਟਰੀਟਮੈਂਟ ਪਲਾਂਟ ਰਾਹੀਂ ਸੋਧੇ ਹੋਏ ਪਾਣੀ ਦੀ ਵਰਤੋਂ ਲਈ ਸਵਾ ਪੰਜ ਕਿਲੋਮੀਟਰ ਲੰਬੀ ਪਾਇਪ ਲਾਈਨ ਵਿਛਾਈ ਜਾਵੇਗੀ। ਉਨ੍ਹਾ ਦੱਸਿਆ ਕਿ ਇਸ ਪਾਣੀ ਨਾਲ 400 ਏਕੜ ਜ਼ਮੀਨ ਨੂੰ ਪਾਣੀ ਮਿਲ ਸਕੇਗਾ ਤੇ ਇਸ ਨਾਲ 72 ਕਿਸਾਨ ਪਰਵਾਰਾਂ ਨੂੰ ਲਾਭ ਮਿਲੇਗਾ।ਇਸ ਤੋਂ ਪਹਿਲਾਂ ਉਨ੍ਹਾਂ ਸਥਾਨਕ ਸਬ ਤਹਿਸੀਲ ਵਿਖੇ 34 ਲੱਖ ਦੀ ਲਾਗਤ ਨਾਲ ਬਣਨ ਵਾਲੇ ਪਟਵਾਰਖਾਨੇ ਦਾ ਨੀਂਹ ਪੱਥਰ ਰੱਖਿਆ।ਉਨ੍ਹਾਂ ਕਿਹਾ ਕਿ ਪਟਵਾਰਖਾਨੇ ਦੀ ਨਵੀਂ ਇਮਾਰਤ ਆਧੁਨਿਕ ਤਰੀਕੇ ਨਾਲ ਬਣਾਈ ਜਾਵੇਗੀ, ਜਿੱਥੇ 11 ਸਰਕਲਾਂ ਦੇ ਪਟਵਾਰੀਆਂ ਦੇ ਬੈਠਣ ਦੇ ਪ੍ਰਬੰਧ ਕੀਤੇ ਜਾਣਗੇ।ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਰਹਿਨੁਮਾਈ ਹੇਠ ਕਸਬਾ ਲੌਂਗੋਵਾਲ ਦੇ ਵਿਕਾਸ ਕਾਰਜਾਂ ਤੇ 40 ਕਰੋੜ ਰੁਪਏ ਖਰਚੇ ਜਾ ਚੁੱਕੇ ਹਨ ਤੇ ਭਵਿੱਖ ਵਿੱਚ ਵੀ ਸ਼ਹੀਦਾਂ ਦੀ ਧਰਤੀ ਲੌਂਗੋਵਾਲ ਦੇ ਲੋਕਾਂ ਦੀਆਂ ਮੁਸ਼ਕਲਾਂ ਦੂਰ ਕਰਨ ਲਈ ਅਸੀਂ ਵਚਨਬੱਧ ਹਾਂ।ਇਸ ਮੌਕੇ ਡਿਪਟੀ ਕਮਿਸ਼ਨਰ ਸੰਗਰੂਰ ਸੰਦੀਪ ਰਿਸ਼ੀ ਨੇ ਕਿਹਾ ਕਿ ਬਹੁਤ ਘੱਟ ਸ਼ਹਿਰਾਂ ਵਿੱਚ ਦੇਖਿਆ ਗਿਆ ਹੈ ਕਿ ਟਰੀਟਮੈਂਟ ਪਲਾਂਟ ਦੇ ਨਾਲ ਨਾਲ ਟ੍ਰੀਟਡ ਪਾਣੀ ਦੀ ਵਰਤੋਂ ਸਬੰਧੀ ਇੰਤਜਾਮ ਕੀਤੇ ਗਏ ਹੋਣ।ਇਸ ਮੌਕੇ ਉਨ੍ਹਾ ਕਿਹਾ ਕਿ ਇਸ ਨਾਲ ਸ਼ਹਿਰ ਦਾ ਸੀਵਰੇਜ ਸਿਸਟਮ ਠੀਕ ਚੱਲ ਸਕੇਗਾ।ਇਸ ਮੌਕੇ ਬਲਵਿੰਦਰ ਸਿੰਘ ਢਿੱਲੋਂ, ਮੇਲਾ ਸਿੰਘ ਸੂਬੇਦਾਰ ਸਾਬਕਾ ਪ੍ਰਧਾਨ, ਅੰਮ੍ਰਿਤਪਾਲ ਸਿੰਘ ਸਿੱਧੂ ਤੇ ਬਲਰਾਜ ਕ੍ਰਿਸ਼ਨ ਬਾਲੀ ਨੇ ਅਰੋੜਾ ਦਾ ਧੰਨਵਾਦ ਕਰ

11-April-page-11-25-Majha.qxd 4/10/2025 10:53 PM Page 1

ਪਾਦਰੀ ਆਖ਼ਰਕਾਰ ਸਰੈਂਡਰ ਕਰ ਗਿਆ

ਗੁਰਦਾਸਪੁਰ (ਜਨਕ ਮਹਾਜਨ)-ਬੀ ਸੀ ਏ ਵਿਦਿਆਰਥਣ ਨਾਲ ਬਲਾਤਕਾਰ ਦੇ ਗੰਭੀਰ ਦੋਸ਼ਾਂ 'ਚ ਫਰਾਰ ਚੱਲ ਰਿਹਾ ਪਾਦਰੀ (ਪਾਸਟਰ) ਜਸ਼ਨ ਗਿੱਲ ਆਖ਼ਰਕਾਰ ਬੁੱਧਵਾਰ ਦੁਪਹਿਰ ਗੁਰਦਾਸਪੁਰ ਦੀ ਅਦਾਲਤ 'ਚ ਪੇਸ਼ ਹੋ ਕੇ ਸਰੈਂਡਰ ਕਰ ਗਿਆ।ਉਹ ਲੰਬੇ ਸਮੇਂ ਤੋਂ ਪੁਲਸ ਦੀ ਪਕੜ ਤੋਂ ਬਚਦਾ ਆ ਰਿਹਾ ਸੀ। ਪੀੜਤਾ ਦੀ ਸ਼ਿਕਾਇਤ ਉੱਤੇ ਮਾਮਲਾ ਦਰਜ ਹੋਣ ਦੇ ਬਾਵਜੂਦ ਪੁਲਸ ਨੇ ਲਗਭਗ ਦੋ ਸਾਲ ਤੱਕ ਕੋਈ ਕਾਰਵਾਈ ਨਹੀਂ ਕੀਤੀ। ਪਰ ਜਦ ਮੀਡੀਆ ਨੇ ਮਾਮਲੇ ਨੂੰ ਚੁੱਕਿਆ, ਤਾਂ ਨਾ ਸਿਰਫ਼ ਪੁਲਸ ਨੇ ਪਾਸਟਰ ਨੂੰ ਭਗੌੜਾ ਐਲਾਨ ਦਿੱਤਾ, ਸਗੋਂ ਉਸ ਦੀ ਪਕੜ ਲਈ ਛਾਪੇਮਾਰੀ ਵੀ ਸ਼ੁਰੂ ਕਰ ਦਿੱਤੀ। ਇਸ ਦੌਰਾਨ, ਜਸ਼ਨ ਗਿੱਲ ਦੇ ਭਰਾ ਪ੍ਰੇਮ ਮਸੀਹ (ਨਿਵਾਸੀ ਜੰਮੂ) ਅਤੇ ਭੈਣ ਮਾਰਥਾ (ਨਿਵਾਸੀ ਪਿੰਡ ਮੁੰਡੀ, ਖਰੜ, ਜ਼ਿਲ੍ਹਾ ਮੋਹਾਲੀ) ਨੂੰ ਉਸ ਨੂੰ ਸ਼ਰਣ ਦੇਣ ਦੇ ਦੋਸ਼ ਹੇਠ ਗ੍ਰਿਫ਼ਤਾਰ ਕਰ ਲਿਆ ਗਿਆ। ਦੋਹਾਂ ਨੂੰ ਪੁਲਸ ਰਿਮਾਂਡ ਮੁਕੰਮਲ ਹੋਣ ਉਪਰੰਤ ਹੁਣ ਨਿਆਂਇਕ ਹਿਰਾਸਤ 'ਚ ਜੇਲ੍ਹ ਭੇਜ ਦਿੱਤਾ ਗਿਆ ਹੈ।

ਵੱਡੇ ਦਬਾਅ ਅਤੇ ਪਰਵਾਰਕ ਮੈਂਬਰਾਂ ਦੀ ਗ੍ਰਿਫ਼ਤਾਰੀ ਕਾਰਨ ਆਖ਼ਰਕਾਰ ਜਸ਼ਨ ਗਿੱਲ ਨੂੰ ਹਥਿਆਰ ਸੁੱਟਣੇ ਪਏ ਅਤੇ ਅਦਾਲਤ ਦੀ ਸ਼ਰਨ ਲੈਣੀ ਪਈ। ਹੁਣ ਅਦਾਲਤ ਵੱਲੋਂ ਉਸ ਦੀ ਨਿਆਂਇਕ ਹਿਰਾਸਤ ਜਾਂ ਰਿਮਾਂਡ 'ਤੇ ਅਗਲਾ ਫੈਸਲਾ ਲਿਆ ਜਾਵੇਗਾ। ਪੁਲਸ ਸਰੋਤਾਂ ਮੁਤਾਬਕ, ਹੁਣ ਪਾਸਟਰ ਤੋਂ ਪੁੱਛਗਿੱਛ ਕਰਕੇ ਇਹ ਜਾਣਨ ਦੀ ਕੋਸ਼ਿਸ਼ ਕੀਤੀ ਜਾਵੇਗੀ ਕਿ ਉਹ ਇਨ੍ਹਾਂ ਸਾਲਾਂ ਦੌਰਾਨ ਕਿੱਥੇ ਲੁਕਿਆ ਹੋਇਆ ਸੀ ਅਤੇ ਕੌਣ-ਕੌਣ ਉਸ ਦੀ ਮਦਦ ਕਰ ਰਿਹਾ ਸੀ।

18 ਸਾਲ ਬੀਤਣ ਮਗਰੋਂ ਵੀ ਮ੍ਰਿਤਕ ਸਰਵਨ ਸਿੰਘ ਦੀ ਪਤਨੀ ਨੂੰ ਨਹੀਂ ਮਿਲਿਆ ਇਨਸਾਫ

ਅਜਨਾਲਾ (ਸੁਖਤਿੰਦਰ ਸਿੰਘ)-ਪੰਜਾਬ ਰਾਜ ਬਿਜਲੀ ਬੋਰਡ ਵਿੱਚ ਡਿਊਟੀ ਦੌਰਾਨ ਲਾਈਨਮੈਨ ਸਰਵਨ ਸਿੰਘ ਦੀ ਮੌਤ ਹੋ ਜਾਣ ਤੋਂ ਬਾਅਦ 18 ਸਾਲ ਬੀਤਣ ਦੇ ਬਾਅਦ ਵੀ ਪਤਨੀ ਨੂੰ ਨਹੀਂ ਮਿਲੀ ਬਣਦੀ ਸਰਕਾਰੀ ਸਹਾਇਤਾ। ਇਸ ਸਬੰਧੀ ਦਲਬੀਰ ਕੌਰ ਪਤਨੀ ਸਵਰਗਵਾਸੀ ਸਰਵਨ ਸਿੰਘ ਲਾਈਨ ਮੈਨ ਪੁੱਤਰ ਸੁਰੈਣ ਸਿੰਘ ਪਿੰਡ ਲਲਾ ਅਫਗਾਨਾ ਤਹਿਸੀਲ ਅਜਨਾਲਾ ਜਿਲਾ ਅੰਮ੍ਰਿਤਸਰ ਦੀ ਵਸਨੀਕ ਹਾਂ। ਮੇਰੇ ਪਤੀ ਪੰਜਾਬ ਰਾਜ ਬਿਜਲੀ ਬੋਰਡ ਦਫਤਰ ਹਰਸਾ ਛੀਨਾ ਵਿੱਚ ਲਾਈਨਮੈਨ ਦੀ ਡਿਊਟੀ ਕਰਦੇ ਸੀ। 25 ਮਾਰਚ 2007 ਨੂੰ ਡਿਊਟੀ ਦੌਰਾਨ ਉਹਨਾਂ ਦੀ ਮੌਤ ਹੋ ਗਈ ਸੀ। ਮੇਰੇ ਬੱਚੇ ਨਿੱਕੇ ਸਨ। ਘਰ ਦਾ ਗੁਜ਼ਾਰਾ ਕਰਨਾ ਮੁਸ਼ਕਿਲ ਸੀ। ਮੈਂ ਬਿਜਲੀ ਬੋਰਡ ਤੋਂ ਨੌਕਰੀ ਦੀ ਮੰਗ ਕੀਤੀ ਸੀ ਪਰੰਤੂ ਨਾ ਨੌਕਰੀ ਅਤੇ ਨਾ ਹੀ ਜੋ 3 ਲੱਖ ਰੁਪਏ ਸਹਾਇਤਾ ਮਿਲਦੀ ਉਹ ਵੀ ਅੱਜ ਤੱਕ ਨਹੀਂ ਮਿਲਿਆ। ਮੈਂ ਚਿੱਠੀਆਂ ਪੱਤਰ ਅਤੇ ਦਫਤਰਾਂ ਦੇ ਚੱਕਰ ਕੱਟ ਚੁੱਕੀ ਹਾਂ ਪਰੰਤੂ ਮੈਨੂੰ ਕੋਈ ਇਨਸਾਫ ਨਹੀਂ ਮਿਲਿਆ। ਮੈਂ ਪੈਨਸ਼ਨ ਯੂਨੀਅਨ ਦੇ ਆਗੂਆਂ ਨੂੰ ਵੀ ਬੇਨਤੀ ਕੀਤੀ। ਉਹਨਾਂ ਵੀ ਸਮੇਂ ਸਿਰ ਉੱਚ ਅਧਿਕਾਰੀਆਂ ਨੂੰ ਚਿੱਠੀ ਪੱਤਰ ਦਿੰਦੇ ਰਹੇ ਅਤੇ ਲਿਖਤੀ ਮੀਟਿੰਗ 18 ਜੂਨ 2021 ਨੂੰ ਕੀਤੀ। ਉੱਚ ਅਧਿਕਾਰੀਆਂ ਵੱਲੋਂ ਜਥੇਬੰਦੀ ਨੂੰ ਵਿਸ਼ਵਾਸ ਦਿਵਾਇਆ ਗਿਆ ਕਿ ਇਸ ਕੰਮ ਨੂੰ ਪਹਿਲ ਦੇ ਆਧਾਰ 'ਤੇ ਕੀਤਾ ਜਾਵੇਗਾ ਪਰੰਤੂ ਅੱਜ ਤੱਕ ਮੈਨੂੰ ਕੋਈ ਇਨਸਾਫ ਨਹੀਂ ਮਿਲਿਆ।

ਅਣਪਛਾਤਿਆਂ ਘਰ ਦੇ ਬਾਹਰ ਚਲਾਈਆਂ ਗੋਲੀਆਂ

ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)-ਪੁਲਸ ਜ਼ਿਲਾ ਬਟਾਲਾ ਅਧੀਨ ਆਉਂਦੇ ਪਿੰਡ ਗ੍ਰੰਥਗੜ੍ਹ 'ਚ ਬੀਤੀ ਦੇਰ ਰਾਤ ਅਣਪਛਾਤੇ ਮੋਟਰਸਾਈਕਲ ਸਵਾਰ ਤਿੰਨ ਨੌਜਵਾਨਾਂ ਦੇ ਵੱਲੋਂ ਇੱਕ ਘਰ ਦੇ ਬਾਹਰ ਤਾਬੜਤੋੜ ਗੋਲੀਆਂ ਚਲਾਉਣ ਦਾ ਸਮਾਚਾਰ ਮਿਲਿਆ ਹੈ। ਗੋਲੀਆਂ ਘਰ ਦੇ ਗੇਟ, ਦੁਕਾਨ ਦੇ ਸ਼ਟਰ ਤੇ ਮੁੱਖ ਦਰਵਾਜ਼ੇ 'ਚ ਲੱਗੀਆਂ । ਪੀੜਿਤ ਪਰਵਾਰ ਅਨੁਸਾਰ ਅਣਪਛਾਤੇ ਨੌਜਵਾਨਾਂ ਨੇ ਛੇ ਸੱਤ ਗੋਲੀਆਂ ਚਲਾਈਆਂ। ਘਟਨਾ ਸੀ ਸੀ ਟੀ ਵੀ ਕੈਮਰੇ 'ਚ ਕੈਦ ਹੋਈ ਹੈ। ਇਸ ਸਬੰਧੀ ਥਾਣਾ ਸੇਖਵਾਂ ਦੀ ਪੁਲਸ ਨੂੰ ਸ਼ਿਕਾਇਤ ਦਰਜ ਕਰਵਾ ਦਿੱਤੀ ਗਈ ਹੈ। ਪੁਲਸ ਜਾਂਚ ਕਰ ਰਹੀ ਹੈ।

ਜਾਣਕਾਰੀ ਦਿੰਦਿਆਂ ਗੁਰਪ੍ਰੀਤ ਸਿੰਘ ਪੁੱਤਰ ਅਮਰੀਕ ਸਿੰਘ ਵਾਸੀ ਗ੍ਰੰਥਗੜ੍ਹ ਤੇ ਉਸ ਦੇ ਚਚੇਰੇ ਭਰਾ ਨਵਦੀਪ ਸਿੰਘ ਨੇ ਦੱਸਿਆ ਕਿ ਬੁੱਧਵਾਰ ਦੀ ਰਾਤ ਉਹ ਰੋਟੀ ਖਾ ਕੇ ਸੌਣ ਲੱਗੇ ਸਨ ਕਿ ਘਰ ਦੇ ਬਾਹਰ ਲਗਾਤਾਰ ਗੋਲੀਆਂ ਚੱਲਣ ਦੀ ਆਵਾਜ਼ ਆਈ ਤੇ ਉਹ ਇੱਕਦਮ ਡਰ ਗਏ। ਉਨ੍ਹਾਂ ਦੱਸਿਆ ਕਿ ਉਨ੍ਹਾਂ ਨੇ ਸੀ ਸੀ ਟੀ ਵੀ ਫੁਟੇਜ ਦੇਖੀ ਤਾਂ ਇੱਕ ਮੋਟਰਸਾਈਕਲ ਦੇ ਸਵਾਰ ਤਿੰਨ ਨੌਜਵਾਨ ਪਹਿਲਾਂ ਘਰ ਦੇ ਬਾਹਰ ਦੋ ਤਿੰਨ ਗੇੜੇ ਲਗਾਉਂਦੇ ਦੇਖੇ ਗਏ ਤੇ ਉਸ ਤੋਂ ਕੁਝ ਦੇਰ ਬਾਅਦ ਇੱਕ ਨੌਜਵਾਨ ਮੋਟਰਸਾਈਕਲ 'ਤੇ ਖੜ੍ਹਾ ਰਿਹਾ ਤੇ ਦੂਜੇ ਦੋ ਪੈਦਲ ਆਏ ਤੇ ਆਉਂਦਿਆਂ ਹੀ ਘਰ ਦੇ ਬਾਹਰ ਗੋਲੀਆਂ ਚਲਾਉਂਦੇ ਰਹੇ।ਗੁਰਪ੍ਰੀਤ ਸਿੰਘ ਨੇ ਦੱਸਿਆ ਕਿ ਗੋਲੀਆਂ ਘਰ ਦੇ ਬਾਹਰ ਗੇਟ ਤੇ ਨਜ਼ਦੀਕ ਬਣਾਈ ਹੋਈ ਇੱਕ ਦੁਕਾਨ ਦੇ ਸ਼ਟਰ 'ਚ ਲੱਗੀਆਂ ਹਨ । ਇੱਕ ਗੋਲੀ ਘਰ ਦੇ ਮੁੱਖ ਦਰਵਾਜ਼ੇ ਨੂੰ ਚੀਰਦੀ ਹੋਈ ਘਰ ਦੇ ਅੰਦਰ ਆਈ ।

ਉਸ ਨੇ ਦੱਸਿਆ ਕਿ ਗੋਲੀਆਂ ਚੱਲਣ ਸਬੰਧੀ ਥਾਣਾ ਸੇਖਵਾਂ ਦੀ ਪੁਲਿਸ ਨੂੰ ਸ਼ਿਕਾਇਤ ਦਰਜ ਕਰਵਾ ਦਿੱਤੀ ਗਈ ਹੈ।

ਉਧਰ ਘਟਨਾ ਦੀ ਸੂਚਨਾ ਮਿਲਦਿਆਂ ਹੀ ਡੀਐਸ ਪੀ ਸੰਜੀਵ ਕੁਮਾਰ ਤੇ ਥਾਣਾ ਸੇਖਵਾਂ ਦੇ ਐਸ ਐਚ ਓ ਪੁਲਸ ਪਾਰਟੀ ਸਮੇਤ ਪਹੁੰਚੇ ਤੇ ਸੀ ਸੀ ਟੀ ਵੀ ਫੁਟੇਜ ਨੂੰ ਕਬਜ਼ੇ 'ਚ ਲੈ ਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।ਉਧਰ ਦੂਜੇ ਪਾਸੇ ਘਟਨਾ ਤੋਂ ਬਾਅਦ ਇਲਾਕੇ ਦੇ ਵਿੱਚ ਦਹਿਸ਼ਤ ਵਰਗਾ ਮਾਹੌਲ ਦੇਖਣ ਨੂੰ ਮਿਲ ਰਿਹਾ ਸੀ।

ਘਟਨਾ ਦੀ ਹੋਰ ਜਾਣਕਾਰੀ ਦਿੰਦਿਆਂ ਡੀ ਐਸ ਪੀ ਸੰਜੀਵ ਕੁਮਾਰ ਨੇ ਦੱਸਿਆ ਕਿ ਮਾਮਲਾ ਉਹਨਾਂ ਦੇ ਧਿਆਨ ਵਿੱਚ ਹੈ ਅਤੇ ਇਸ ਮਾਮਲੇ ਨੂੰ ਬਰੀਕੀ ਨਾਲ ਜਾਂਚਿਆ ਜਾ ਰਿਹਾ ਹੈ ਅਤੇ ਪਰਵਾਰਕ ਮੈਂਬਰਾਂ ਦੇ ਬਿਆਨਾਂ ਦੇ ਅਧਾਰ 'ਤੇ ਮਾਮਲਾ ਦਰਜ ਕਰ ਲਿਆ ਗਿਆ ਅਤੇ ਇਲਾਕੇ ਦੇ ਸੀ ਸੀ ਟੀ ਵੀ ਫੁਟੇਜ ਖੰਗਾਲੇ ਜਾ ਰਹੇ ਹਨ। ਜਲਦ ਹੀ ਗੋਲੀਆਂ ਚਲਾਉਣ ਵਾਲਿਆਂ ਨੂੰ ਗ੍ਰਿਫ਼ਤਾਰ ਕਰ ਲਿਆ ਜਾਵੇਗਾ।

ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਪਾਕਿਸਤਾਨ ਹਾਈ ਕਮਿਸ਼ਨਰ ਦਾ ਵੀਜ਼ੇ ਦੇਣ ਲਈ ਕੀਤਾ ਧੰਨਵਾਦ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਪਾਕਿਸਤਾਨ ਸਥਿਤ ਗੁਰਧਾਮਾਂ ਦੇ ਦਰਸ਼ਨਾਂ ਲਈ ਸਿੱਖ ਸ਼ਰਧਾਲੂਆਂ ਨੂੰ ਖੁੱਲ੍ਹਦਿਲੀ ਨਾਲ ਵੀਜ਼ੇ ਦੇਣ ਲਈ ਦਿੱਲੀ ਸਥਿਤ ਪਾਕਿਸਤਾਨ ਹਾਈ ਕਮਿਸ਼ਨ ਦੇ ਮੁੱਖ ਕਮਿਸ਼ਨਰ ਸਾਦ ਅਹਿਮਦ ਵੜੈਚ ਨੂੰ ਪੱਤਰ ਲਿੱਖ ਕੇ ਧੰਨਵਾਦ ਕੀਤਾ ਹੈ। ਸ਼੍ਰੋਮਣੀ ਕਮੇਟੀ ਪ੍ਰਧਾਨ ਵੱਲੋਂ ਲਿੱਖੇ ਪੱਤਰ ਵਿੱਚ ਕਿਹਾ ਗਿਆ ਕਿ ਖੁਸ਼ੀ ਦੀ ਗੱਲ ਹੈ ਕਿ ਖਾਲਸਾ ਸਾਜਨਾ ਦਿਵਸ (ਵਿਸਾਖੀ) ਮੌਕੇ ਪਾਕਿਸਤਾਨ ਸਥਿਤ ਗੁਰਧਾਮਾਂ ਦੇ ਦਰਸ਼ਨਾਂ ਲਈ ਜਾਣ ਵਾਲੇ ਸ਼ਰਧਾਲੂਆਂ ਦੀ ਸ਼੍ਰੋਮਣੀ ਕਮੇਟੀ ਵੱਲੋਂ ਭੇਜੀ ਗਈ 1942 ਨਾਵਾਂ ਵਾਲੀ ਸੂਚੀ ਅਨੁਸਾਰ ਸਾਰੇ ਵੀਜ਼ੇ ਜਾਰੀ ਕੀਤੇ ਗਏ ਹਨ। ਇਸ ਸਹਿਯੋਗ ਨੇ ਸਿੱਖ ਸ਼ਰਧਾਲੂਆਂ ਨੂੰ ਆਪਣੇ ਇਤਿਹਾਸਕ ਤੇ ਪਵਿੱਤਰ ਗੁਰਧਾਮਾਂ ਦੇ ਦਰਸ਼ਨ ਕਰਨ ਦਾ ਮੌਕਾ ਪ੍ਰਦਾਨ ਕੀਤਾ ਹੈ। ਅਜਿਹਾ ਫੈਸਲਾ ਨਾ ਕੇਵਲ ਸ਼ਰਧਾਲੂਆਂ ਦੀਆਂ ਧਾਰਮਿਕ ਭਾਵਨਾਵਾਂ ਦਾ ਸਤਿਕਾਰ ਕਰਦਾ ਹੈ, ਸਗੋਂ ਭਾਰਤ ਅਤੇ ਪਾਕਿਸਤਾਨ ਵਿਚਕਾਰ ਸੱਭਿਆਚਾਰਕ ਤੇ ਭਾਈਚਾਰਕ ਸਬੰਧਾਂ ਨੂੰ ਮਜ਼ਬੂਤ ਕਰਨ ਵਿੱਚ ਵੀ ਅਹਿਮ ਯੋਗਦਾਨ ਹੈ। ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਮੁੱਖ ਕਮਿਸ਼ਨਰ ਸਾਦ ਅਹਿਮਦ ਵੜੈਚ ਅਤੇ ਉਨ੍ਹਾਂ ਦੀ ਟੀਮ ਦੇ ਇਸ ਸਾਰਥਕ ਉੱਦਮ ਦੀ ਸ਼ਲਾਘਾ ਕਰਦਿਆਂ ਲਿਖਿਆ ਕਿ ਤੁਹਾਡੇ ਦੁਆਰਾ ਦਿੱਤਾ ਗਿਆ ਸਹਿਯੋਗ ਹਮੇਸ਼ਾ ਸਤਿਕਾਰ ਨਾਲ ਯਾਦ ਰੱਖਿਆ ਜਾਵੇਗਾ। ਉਨ੍ਹਾਂ ਸਿੱਖ ਸ਼ਰਧਾਲੂਆਂ ਨੂੰ ਵੱਡੀ ਗਿਣਤੀ ਵਿਚ ਵੀਜ਼ੇ ਦੇਣ ਅਤੇ ਯੋਗ ਪ੍ਰਬੰਧ ਕਰਨ ਲਈ ਪਾਕਿਸਤਾਨ ਸਰਕਾਰ ਦਾ ਵੀ ਤੈਅ ਦਿਲੋਂ ਧੰਨਵਾਦ ਕੀਤਾ।

ਸਕੂਲ ਮੈਨੇਜਮੈਂਟ ਕਮੇਟੀਆਂ ਦੇ ਕਾਰਜਕਾਲ 'ਚ 31 ਮਈ ਤੱਕ ਕੀਤਾ ਵਾਧਾ

ਵੇਰਕਾ (ਰਾਣਾ)-ਦਫਤਰ ਡਾਇਰੈਕਟੋਰੇਟ ਆਫ ਸਕੂਲ ਐਜੂਕੇਸ਼ਨ (ਐਲੀ:) ਪੰਜਾਬ ਸ.ਅ.ਸ ਨਗਰ (ਸੇਵਾਵਾਂ ਸ਼ਾਖਾ) ਵੱਲੋਂ 9 ਅਪ੍ਰੈਲ 2025 ਨੂੰ ਇੱਕ ਪੱਤਰ ਜਾਰੀ ਕਰਦੇ ਹੋਏ ਸਕੂਲ ਮੈਨੇਜਮੈਂਟ ਕਮੇਟੀਆਂ ਦੇ ਕਾਰਜਕਾਲ ਵਿੱਚ ਵਾਧਾ ਕੀਤਾ ਗਿਆ ਹੈ। ਇਸ ਸੰਬੰਧ ਵਿੱਚ ਡੀ.ਪੀ.ਆਈ (ਐਲੀ:) ਹਰਕੀਰਤ ਕੌਰ ਚਾਨੇ ਵੱਲੋਂ ਜਾਰੀ ਕੀਤੇ ਪੱਤਰ ਅਨੁਸਾਰ ਸਮੂਹ ਜ਼ਿਲ੍ਹਿਆਂ ਦੇ ਸਕੂਲਾਂ ਵਿੱਚ ਸਕੂਲ ਮੈਨੇਜਮੈਂਟ ਕਮੇਟੀਆਂ ਗਠਿਤ ਕਰਨ ਦੇ ਕਾਰਜਕਾਲ ਦਾ ਸਮਾਂ 31 ਮਾਰਚ ਤੱਕ ਸੀ। ਹੁਣ ਐਸ.ਐਮ.ਸੀ ਦੀ ਨਵੀਂ ਬਣਤਰ ਸੰਬੰਧੀ ਨੋਟੀਫਿਕੇਸ਼ਨ ਸਰਕਾਰ ਦੇ ਵਿਚਾਰ ਅਧੀਨ ਹੈ, ਮੌਜੂਦਾ ਪੈਦਾ ਹੋਈਆਂ ਪ੍ਰਸਥਿਤੀਆਂ ਦੇ ਮੱਦੇਨਜ਼ਰ ਇਹ ਸਮਾਂ 31 ਮਈ ਤੱਕ ਵਧਾਇਆ ਜਾਂਦਾ ਹੈ। ਇਸ ਦੌਰਾਨ ਹਿਦਾਇਤ ਕੀਤੀ ਜਾਂਦੀ ਹੈ ਕਿ ਜਦੋਂ ਤੱਕ ਨਵੀਂ ਸਕੂਲ ਮੈਨੇਜਮੈਂਟ ਕਮੇਟੀਆਂ ਦਾ ਗਠਨ ਨਹੀਂ ਹੋ ਜਾਂਦਾ ਹੈ ਤਾਂ 31 ਮਈ ਤੱਕ ਪੁਰਾਣੀਆਂ ਕਮੇਟੀਆਂ ਕਾਰਜਸ਼ੀਲ ਹੋਣਗੀਆਂ, ਭਾਵ ਕੰਮ ਕਰਦੀਆਂ ਰਹਿਣਗੀਆਂ।

ਮੱਖਣ ਵਿੰਡੀ 'ਚ ਅਕਾਲੀ ਦਲ ਤੇ ਕਾਂਗਰਸ ਨੂੰ ਝਟਕਾ, 50 ਤੋਂ ਵੱਧ ਪਰਵਾਰ ਹੋਏ ਆਪ 'ਚ ਹੋਏ ਸ਼ਾਮਲ

ਤਰਸਿੱਕਾ (ਤਰਸੇਮ ਸਿੰਘ ਸਾਧਪੁਰ)-ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਲਿਆਂਦੀ ਗਈ ਸਿੱਖਿਆ ਕ੍ਰਾਂਤੀ ਪੰਜਾਬ ਵਿੱਚ ਇੱਕ ਵੱਡਾ ਬਦਲਾਅ ਲੈ ਕੇ ਆਵੇਗੀ ਅਤੇ ਸਰਕਾਰੀ ਸਕੂਲਾਂ ਦੇ ਬੱਚੇ ਵੀ ਹੁਣ ਪ੍ਰਾਈਵੇਟ ਸਕੂਲਾਂ ਦੇ ਬੱਚਿਆਂ ਨਾਲੋਂ ਵਧੀਆ ਸਿੱਖਿਆ ਪ੍ਰਾਪਤ ਕਰ ਸਕਣਗੇ।ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਪੰਜਾਬ ਦੇ ਬਿਜਲੀ ਅਤੇ ਲੋਕ ਨਿਰਮਾਣ ਮੰਤਰੀ ਹਰਭਜਨ ਸਿੰਘ ਈ ਟੀ ਓ ਨੇ ਅੱਜ ਜੰਡਿਆਲਾ ਗੁਰੂ ਹਲਕੇ ਦੇ ਪਿੰਡ ਮੱਖਣ ਵਿੰਡੀ ਵਿਖੇ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਏ ਅਕਾਲੀ ਦਲ ਤੇ ਕਾਂਗਰਸ ਦੇ 50 ਤੋਂ ਵੱਧ ਪਰਵਾਰਾਂ ਨੂੰ ਸ਼ਾਮਲ ਕਰਦੇ ਸਮੇਂ ਕੀਤਾ। ਉਹਨਾਂ ਕਿਹਾ ਕਿ ਸਰਕਾਰ ਦੀਆਂ ਨੀਤੀਆਂ ਤੋਂ ਖ਼ੁਸ਼ ਹੋ ਕੇ ਵੱਡੀ ਗਿਣਤੀ ਵਿਚ ਲੋਕ ਆਪਣੀਆਂ ਰਵਾਇਤੀ ਪਾਰਟੀਆਂ ਨੂੰ ਛੱਡ ਕੇ ਆਪ ਵਿਚ ਸ਼ਾਮਲ ਹੋ ਰਹੇ ਹਨ। ਉਨਾਂ ਦੱਸਿਆ ਕਿ ਅੱਜ ਜੰਡਿਆਲਾ ਗੁਰੂ ਹਲਕੇ ਦੇ ਪਿੰਡ ਮੱਖਣ ਵਿੰਡੀ ਵਿਖੇ ਸੈਂਕੜੇ ਅਕਾਲੀ ਦੇ ਵਰਕਰ ਆਮ ਆਦਮੀ ਪਾਰਟੀ ਵਿਚ ਸ਼ਾਮਲ ਹੋਏ ਹਨ। ਉਨ੍ਹਾਂ ਸ਼ਾਮਲ ਹੋਣ ਵਾਲੇ ਵਰਕਰਾਂ ਦਾ ਸਨਮਾਨ ਕਰਦੇ ਹੋਏ ਕਿਹਾ ਕਿ ਇਨ੍ਹਾਂ ਦਾ ਪਾਰਟੀ ਵਿਚ ਪੂਰਾ ਬਣਦਾ ਮਾਣ ਸਤਿਕਾਰ ਕੀਤਾ ਜਾਵੇਗਾ।ਕੈਬਨਿਟ ਮੰਤਰੀ ਈ ਟੀ ਓ ਨੇ ਦੱਸਿਆ ਕਿ ਸਿੱਖਿਆ ਕ੍ਰਾਂਤੀ ਤਹਿਤ ਸਰਕਾਰੀ ਸਕੂਲਾਂ ਵਿੱਚ ਬੱਚਿਆਂ ਨੂੰ ਨਵੇਂ ਸਮਾਰਟ ਕਲਾਸ ਰੂਮ, ਚਾਰ ਦੁਆਰੀ, ਨਵੇਂ ਬਾਥਰੂਮ ਨਵੀਆਂ ਲੈਬਾਂ ਅਤੇ ਹੋਰ ਆਧੁਨਿਕ ਸਮਾਨ ਮੁਹਈਆ ਕਰਵਾਇਆ ਜਾ ਰਿਹਾ ਹੈ। ਉਹਨਾਂ ਕਿਹਾ ਕਿ ਸਿੱਖਿਆ ਕ੍ਰਾਂਤੀ ਪੰਜਾਬ ਵਿੱਚ ਇੱਕ ਵੱਡਾ ਬਦਲਾਅ ਲੈ ਕੇ ਆਵੇਗੀ।ਕੈਬਨਿਟ ਮੰਤਰੀ ਈ ਟੀ ਓ ਨੇ ਅੱਗੇ ਕਿਹਾ ਕਿ ਸੂਬਾ ਸਰਕਾਰ ਨੇ ਨਸ਼ਾ ਤਸਕਰੀ ਵਿੱਚ ਸ਼ਾਮਲ ਲੋਕਾਂ ਨੂੰ ਸਪੱਸ਼ਟ ਅਤੇ ਸਖ਼ਤ ਚੇਤਾਵਨੀ ਦਿੱਤੀ ਹੈ ਕਿ ਉਹ ਜਾਂ ਤਾਂ ਸੂਬਾ ਛੱਡ ਦੇਣ ਜਾਂ ਫਿਰ ਆਪਣੀਆਂ ਨਾਜਾਇਜ਼ ਗਤੀਵਿਧੀਆਂ 'ਤੇ ਮੁਕੰਮਲ ਰੋਕ ਲਗਾ ਦੇਣ।ਉਹਨਾਂ ਕਿਹਾ ਕਿ ਜੰਡਿਆਲਾ ਹਲਕੇ ਵਿੱਚ ਵਿਰੋਧੀ ਪਾਰਟੀਆਂ ਨੂੰ ਛੱਡ ਕੇ ਲੋਕ ਆਮ ਆਦਮੀ ਪਾਰਟੀਆਂ ਦੀ ਨੀਤੀਆਂ ਤੋਂ ਖੁਸ਼ ਹੋ ਕੇ ਸਾਡੀ ਪਾਰਟੀ ਵਿੱਚ ਸ਼ਾਮਿਲ ਹੋ ਰਹੇ ਹਨ। ਈ ਟੀ ਓ ਨੇ ਕਿਹਾ ਕਿ ਮੈਂ ਜੰਡਿਆਲਾ ਗੁਰੂ ਦੇ ਲੋਕਾਂ ਦਾ ਰਿਣੀ ਹਾਂ ਜਿਨ੍ਹਾਂ ਨੇ ਮੈਨੂੰ ਏਨਾ ਮਾਣ ਸਤਿਕਾਰ ਦਿੱਤਾ ਹੈ।ਉਨ੍ਹਾਂ ਕਿਹਾ ਕਿ ਅੱਜ ਪਿੰਡ ਮੱਖਣਵਿੰਡੀ ਤੋਂ ਸ਼ਮਸ਼ੇਰ ਸਿੰਘ, ਸੁਖਵਿੰਦਰ ਸਿੰਘ, ਜਸਵੰਤ ਸਿੰਘ, ਬਲਵਿੰਦਰ ਸਿੰਘ, ਕੁਲਦੀਪ ਸਿੰਘ, ਕਸ਼ਮੀਰ ਸਿੰਘ, ਅੰਮ੍ਰਿਤ ਸਿੰਘ, ਦਿਲਬਾਗ ਸਿੰਘ, ਹਰਜੀਤ ਸਿੰਘ, ਮਨਪ੍ਰੀਤ ਸਿੰਘ, ਇੰਦਰਜੀਤ ਸਿੰਘ, ਗਗਨਦੀਪ ਸਿੰਘ, ਸਵਰਨ ਸਿੰਘ, ਗੁਰਮੀਤ ਸਿੰਘ, ਜਗਪ੍ਰੀਤ ਸਿੰਘ, ਗਗਨਦੀਪ ਸਿੰਘ, ਰਾਜ ਕੌਰ, ਜਸਵੰਤ ਸਿੰਘ, ਗੁਰਜੀਤ ਸਿੰਘ ਸਮੇਤ ਅਨੇਕਾਂ ਪਰਵਾਰ ਅਕਾਲੀ ਦਲ ਅਤੇ ਕਾਂਗਰਸ ਨੂੰ ਛੱਡ ਕੇ ਛੱਡ ਕੇ ਆਮ ਆਦਮੀ ਪਾਰਟੀ ਵਿਚ ਸ਼ਾਮਿਲ ਹੋਏ ਹਨ ਅਤੇ ਇਨ੍ਹਾਂ ਸਾਰਿਆਂ ਦਾ ਪਰਟੀ ਵਿੱਚ ਪੂਰਾ ਮਾਣ ਸਨਮਾਨ ਹੋਵੇਗਾ।

ਥਾਣੇਦਾਰ ਦੇ ਕਾਤਲਾਂ

11 Apr Page-12.qxd 4/10/2025 10:55 PM Page 1

ਜਨਮ ਦਿਨ ਮੁਬਾਰਕ

ਈਸ਼ਾ
ਪਿਤਾ : ਤਰੁਣ ਬਹਿਲ
ਮਾਤਾ : ਰਿਚਾ
ਵਾਸੀ : ਟਾਂਡਾ

ਸਾਹਿਬ ਸਿੰਘ ਪੰਨੂੰ
ਪਿਤਾ : ਜਗਪ੍ਰੀਤ ਸਿੰਘ ਪੰਨੂ
ਮਾਤਾ : ਮਨਦੀਪ ਕੌਰ
ਵਾਸੀ : ਜਲੰਧਰ

ਸੰਘੀ ਗਰੋਹਾਂ ਦੇ ਧਰਮ ਦੇ ਨਾਂਅ 'ਤੇ ਵੰਡੀਆਂ ਪਾਉਣ ਤੇ ਦੰਗੇ ਭੜਕਾਉਣ ਦੇ ਮਨਹੂਸ ਇਰਾਦੇ ਪਛਾੜੋ : ਪਾਸਲਾ

ਜਲੰਧਰ (ਨਵਾਂ ਜ਼ਮਾਨਾ ਸਰਵਿਸ) ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ (ਆਰ.ਐਮ.ਪੀ.ਆਈ.) ਅਤੇ ਭਾਰਤ ਦੀ ਮਾਰਕਸਵਾਦੀ ਕਮਿਊਨਿਸਟ ਪਾਰਟੀ-ਯੂਨਾਈਟਡ (ਐਮ.ਸੀ.ਪੀ.ਆਈ.-ਯੂ.) 'ਤੇ ਆਧਾਰਿਤ ਕਮਿਊਨਿਸਟ ਕੋ-ਆਰਡੀਨੇਸ਼ਨ ਕਮੇਟੀ (ਸੀ.ਸੀ.ਸੀ.) ਵਲੋਂ, ਆਉਣ ਵਾਲੀ 20 ਮਈ ਨੂੰ ਕੇਂਦਰੀ ਟਰੇਡ ਯੂਨੀਅਨਾਂ ਦੇ ਸੱਦੇ 'ਤੇ ਕੀਤੀ ਜਾਣ ਵਾਲੀ ਸਨਅਤੀ ਕਾਮਿਆਂ ਤੇ ਗੈਰ ਜੱਥੇਬੰਦਕ ਖੇਤਰ ਦੇ ਕਿਰਤੀਆਂ ਦੀ ਕੁਲ ਹਿੰਦ ਪੱਧਰ ਦੀ ਹੜਤਾਲ ਅਤੇ 'ਸੰਯੁਕਤ ਕਿਸਾਨ ਮੋਰਚਾ' ਦੇ ਸੱਦੇ 'ਤੇ ਕੀਤੇ ਜਾਣ ਵਾਲੇ ਦੇਸ਼ ਵਿਆਪੀ ਐਕਸ਼ਨਾਂ ਦੀ ਕਾਮਯਾਬੀ ਲਈ ਹਰ ਪੱਖੋਂ ਭਰੱਤਵਾਂ ਸਹਿਯੋਗ ਕੀਤਾ ਜਾਵੇਗਾ। ਇਹ ਜਾਣਕਾਰੀ, ਸੀ.ਸੀ.ਸੀ. ਦੇ ਕਨਵੀਨਰਾਂ ਸਾਥੀ ਮੰਗਤ ਰਾਮ ਪਾਸਲਾ ਅਤੇ ਐਮ. ਅਸ਼ੋਕ ਓਮਕਾਰ ਨੇ, ਸਾਥੀ ਕੇ. ਗੰਗਾਧਰਨ ਤੇ ਕਿਰਨਜੀਤ ਸਿੰਘ ਸੇਖੋਂ ਦੀ ਪ੍ਰਧਾਨਗੀ ਹੇਠ ਜਲੰਧਰ ਵਿਖੇ ਸੰਪੰਨ ਹੋਈ ਮੀਟਿੰਗ ਦੇ ਫੈਸਲੇ ਜਾਰੀ ਕਰਦਿਆਂ ਇਕ ਸਾਂਝੇ ਬਿਆਨ ਰਾਹੀਂ ਦਿੱਤੀ ਹੈ। ਸੀ.ਸੀ.ਸੀ. ਨੇ ਹਾਲ ਹੀ ਪਾਸ ਕੀਤੇ ਵੱਕਫ ਸੋਧ ਬਿੱਲ ਦੀ ਕਰੜੀ ਨਿਖੇਧੀ ਕਰਦਿਆਂ ਇਸ ਨੂੰ ਮੋਦੀ ਸਰਕਾਰ ਵਲੋਂ ਆਰ.ਐਸ.ਐਸ. ਦੀਆਂ ਹਿਦਾਇਤਾਂ ਅਨੁਸਾਰ ਮੁਸਲਿਮ ਭਾਈਚਾਰੇ ਖਿਲਾਫ਼ ਘਿਰਣਾ ਪੈਦਾ ਕਰਨ ਅਤੇ ਫਿਰਕੂ ਵੰਡ ਤਿੱਖੀ ਕਰਨ ਲਈ ਚੁੱਕਿਆ ਗਿਆ ਅਤਿ ਘਾਤਕ ਕਦਮ ਕਿਹਾ ਹੈ। ਸੀ.ਸੀ.ਸੀ. ਨੇ,

ਤਾਨਾਸ਼ਾਹੀ ਤਰਜ਼ ਦਾ ਧਰਮ ਅਧਾਰਤ ਕੱਟੜ-ਪਿਛਾਖੜੀ, ਮਨੂੰਵਾਦੀ-ਹਿੰਦੂਤਵੀ ਰਾਜ ਕਾਇਮ ਦੇ ਰਾਸ਼ਟਰੀ ਸੋਇਮ ਸੇਵਕ ਸੰਘ (ਆਰ.ਐਸ.ਐਸ.) ਦੇ ਮਨਸੂਬਿਆਂ ਖਿਲਾਫ਼ ਸਿਆਸੀ-ਵਿਚਾਰਧਾਰਕ ਮੁਹਿੰਮ ਤੇਜ਼ ਕਰਨ ਦੀ ਠੋਸ ਵਿਉਂਤਬੰਦੀ ਕੀਤੀ ਹੈ। ਇਸ ਤੋਂ ਇਲਾਵਾ ਜਲ-ਜੰਗਲ-ਜ਼ਮੀਨ ਤੇ ਪਬਲਿਕ ਸੈਕਟਰ ਸਮੇਤ ਦੇਸ਼ ਦੇ ਸਾਰੇ ਕੁਦਰਤੀ ਤੇ ਮਾਨਵੀ ਵਸੀਲੇ ਅਡਾਨੀ-ਅੰਬਾਨੀ ਜਿਹੇ ਜੁੰਡੀ ਪੂੰਜੀਵਾਦੀਆਂ ਅਤੇ ਸਾਮਰਾਜੀ ਲੋਟੂਆਂ ਦੇ ਹਵਾਲੇ ਕਰਕੇ ਦੇਸ਼ ਵਾਸੀਆਂ ਨੂੰ ਕੰਗਾਲ ਕਰ ਰਹੀਆਂ, ਕੇਂਦਰ ਦੀ ਮੋਦੀ ਸਰਕਾਰ ਅਤੇ ਪ੍ਰਾਂਤਕ ਸਰਕਾਰਾਂ ਵਲੋਂ ਇਕੋ ਜਿਹੀ ਤਤਪਰਤਾ ਨਾਲ ਲਾਗੂ ਕੀਤੀਆਂ ਜਾ ਰਹੀਆਂ ਨਵ-ਉਦਾਰਵਾਦੀ ਨੀਤੀਆਂ ਖ਼ਿਲਾਫ਼ ਜਾਰੀ ਜਨ-ਸੰਗਰਾਮ ਨੂੰ ਵੀ ਹੋਰ ਤੇਜ਼ ਤੇ ਵਿਆਪਕ ਕਰਨ ਦੀ ਯੋਜਨਾ ਉਲੀਕੀ ਗਈ ਹੈ। ਇਸੇ ਸੇਧ ਵਿੱਚ 13 ਅਪ੍ਰੈਲ ਨੂੰ 'ਖਾਲਸਾ ਸਾਜਨਾ ਦਿਵਸ' ਅਤੇ 'ਜ਼ਲ੍ਹਿਆਂ ਵਾਲਾ ਬਾਗ਼ ਸ਼ਹੀਦੀ ਸਾਕੇ' ਦੀ ਵਰ੍ਹੇਗੰਢ, 'ਫਿਰਕੂ ਸਾਂਝ ਦੀ ਰਾਖੀ ਤੇ ਮਜ਼ਬੂਤੀ ਅਤੇ ਲੁੱਟ-ਖਸੁੱਟ ਤੇ ਅਨਿਆਂ ਦੇ ਖਾਤਮੇ ਲਈ ਜੂਝਣ ਦੇ ਸੰਕਲਪ ਦਿਵਸ' ਵਜੋਂ ਭਰਵੇਂ ਇਕੱਠ ਕਰਕੇ ਮਨਾਉਣ ਦਾ ਫੈਸਲਾ ਕੀਤਾ ਗਿਆ ਹੈ। 14 ਅਪ੍ਰੈਲ ਨੂੰ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਦਕਰ ਦੇ ਜਨਮ ਦਿਹਾੜੇ ਮੌਕੇ ਭਾਰਤ ਦੇ ਵਰਤਮਾਨ ਸੰਵਿਧਾਨ ਅਤੇ ਜਮਹੂਰੀ, ਧਰਮ ਨਿਰਪੱਖ ਤੇ ਫੈਡਰਲ (ਸੰਘਾਤਮਕ) ਢਾਂਚੇ ਦੀ ਸਲਾਮਤੀ ਲਈ ਜੂਝਣ ਪ੍ਰਤੀ ਲੋਕ ਚੇਤਨਾ ਪ੍ਰਚੰਡ ਕਰਨ ਹਿਤ ਪ੍ਰਭਾਵਸ਼ਾਲੀ ਇਕੱਠ ਕੀਤੇ ਜਾਣਗੇ। 22 ਅਪ੍ਰੈਲ ਨੂੰ, ਸੰਸਾਰ ਕਿਰਤੀ ਦੇ ਮਹਾਨ ਆਗੂ ਕਾਮਰੇਡ ਵੀ. ਆਈ. ਲੈਨਿਨ ਦੇ ਜਨਮ ਦਿਹਾੜੇ ਮੌਕੇ ਵਿਸ਼ਵ ਲੋਕਾਈ ਨੂੰ 'ਸੰਸਾਰ ਭਰ ਦੇ ਲੁੱਟੇ-ਲਤਾੜੇ ਲੋਕਾਂ ਦੀ ਸਾਮਰਾਜੀ ਲੁੱਟ-ਖਸੁੱਟ ਅਤੇ ਦਾਬੇ ਤੋਂ ਮੁਕਤੀ ਦਾ ਸੰਗਰਾਮ' ਹੋਰ ਭਖਾਉਣ ਦਾ ਸੁਨੇਹਾ ਦੇਣ ਹਿਤ ਕਨਵੈਨਸ਼ਨਾਂ, ਜਨ ਸਭਾਵਾਂ, ਸੈਮੀਨਾਰ ਆਦਿ ਜੱਥੇਬੰਦ ਕੀਤੇ ਜਾਣਗੇ। ਪਹਿਲੀ ਮਈ ਨੂੰ, 'ਸੰਸਾਰ ਕਿਰਤੀ ਦਿਹਾੜਾ' ਅਜੋਕੇ ਇਕ ਧਰੁਵੀ ਵਿਸ਼ਵ ਨਿਜ਼ਾਮ ਦੇ ਹਿੱਤ ਪੂਰਨ ਲਈ ਘੜੀਆਂ ਨਵ-ਉਦਾਰਵਾਦੀ ਨੀਤੀਆਂ ਤੋਂ ਸੰਸਾਰ ਭਰ ਦੀ ਕਿਰਤੀ ਲੋਕਾਈ ਦੀ ਬੰਦ ਖਲਾਸੀ ਦਾ ਸੰਗਰਾਮ ਤਿੱਖੇ ਤੋਂ ਤਿਖੇਰਾ ਕਰਨ ਦਾ ਸੁਨੇਹਾ ਦੇਣ ਹਿਤ ਮਨਾਇਆ ਜਾਵੇਗਾ। ਪੰਜ ਮਈ ਨੂੰ ਮਜ਼ਦੂਰ ਜਮਾਤ ਦੇ ਰਾਹ ਦਿਖਾਊ ਚਿੰਤਕ ਤੇ ਬੇਜੋੜ ਆਗੂ ਕਾਰਲ ਮਾਰਕਸ ਦੇ ਜਨਮ ਦਿਹਾੜੇ ਮੌਕੇ ਵਿਸ਼ਵ ਲੋਕਾਈ ਦੀ ਸਿਆਸੀ-ਵਿਚਾਰਧਾਰਕ ਸੂਝ ਉਚਿਆਉਣ ਦੇ ਯਤਨਾਂ ਵਜੋਂ ਬਹੁ ਮੰਤਵੀ ਜਨਤਕ ਤੇ ਹਾਲ ਮੀਟਿੰਗਾਂ ਆਯੋਜਿਤ ਕੀਤੀਆਂ ਜਾਣਗੀਆਂ। ਉਕਤ ਸਾਰੇ ਇਕੱਠਾਂ ਰਾਹੀਂ ਮਿਹਨਤਕਸ਼ਾਂ ਦੀ ਬੇਕਿਰਕ ਲੁੱਟ-ਖਸੁੱਟ 'ਤੇ ਆਧਾਰਿਤ ਪੂੰਜੀਵਾਦੀ ਢਾਂਚੇ ਦੀ ਥਾਂ ਲੋਕ ਹਿਤੈਸ਼ੀ ਸਮਾਜਵਾਦੀ ਪ੍ਰਬੰਧ ਕਾਇਮ ਕਰਨ ਲਈ ਸੰਗਰਾਮੀ ਹੰਭਲਾ ਮਾਰਨ ਦਾ ਸੱਦਾ ਦਿੱਤਾ ਜਾਵੇਗਾ। ਇਸ ਤੋਂ ਇਲਾਵਾ ਸਿਧਾਂਤਕ-ਵਿਚਾਰਧਾਰਕ ਪੁਸਤਕਾਂ ਅਤੇ ਸਾਹਿਤ ਵਿਸ਼ਾਲ ਪੈਮਾਨੇ 'ਤੇ ਵੇਚਿਆ ਅਤੇ ਵੰਡਿਆ ਜਾਵੇਗਾ।

ਫੁਲਵਾੜੀ ਪਬਲਿਕ ਸਕੂਲ ਦਾ ਅੱਠਵੀਂ ਕਲਾਸ ਦਾ ਨਤੀਜਾ ਰਿਹਾ ਸ਼ਾਨਦਾਰ

ਲੋਹੀਆਂ ਖਾਸ (ਯੋਗੇਸ਼ਵਰ, ਰੀਨਾ ਸ਼ਰਮਾ) ਫੁਲਵਾੜੀ ਸੀਨੀਅਰ ਸੈਕੰਡਰੀ ਸਕੂਲ, ਲੋਹੀਆਂ ਖਾਸ ਦੀ ਅੱਠਵੀਂ ਜਮਾਤ ਦਾ ਨਤੀਜਾ ਸ਼ਾਨਦਾਰ ਰਿਹਾ।ਜਿਸ ਵਿੱਚ ਪਹਿਲੀ ਪੁਜੀਸ਼ਨ ਹਾਸਲ ਕਰਨ ਵਾਲੀ ਵਿੱਜਿਆ ਸ਼ਰਮਾ ਨੇ 600 ਵਿੱਚੋਂ 580 ਅੰਕ ਪ੍ਰਾਪਕ ਕਰਕੇ ਲੋਹੀਆਂ ਇਲਾਕੇ ਵਿਚੋਂ ਪਹਿਲਾ ਸਥਾਨ ਹਾਸਲ ਕੀਤਾ ਹੈ, ਜਦਕਿ ਬਨਤਾਪ ਕੌਰ ਨੇ 575 ਨੰਬਰ ਲੈ ਕੇ ਦੂਜਾ ਸਥਾਨ ਅਤੇ ਲਵਨਯਾ ਵਿੱਜ ਨੇ 565 ਅੰਕ ਪ੍ਰਾਪਤ ਕਰਕੇ ਤੀਜਾ ਸਥਾਨ ਹਾਸਲ ਕੀਤਾ।ਇਸ ਦੇ ਨਾਲ ਹੀ ਗੁਰਸਿਮਰਨ ਨੇ 556, ਮਾਹੀ ਨੇ 555, ਰਵਨੀਤ ਕੌਰ ਅਤੇ ਸਮਰੀਤ ਕੌਰ ਨੇ 552, ਨਵਜੋਤ ਕੌਰ ਨੇ 547 ਅਤੇ ਸਿਮਰਨਦੀਪ ਕੌਰ ਨੇ 539 ਅਤੇ ਬਾਕੀ ਸਾਰੇ ਹੀ ਵਿਦਿਆਰਥੀ ਪਹਿਲੇ ਦਰਜੇ ਵਿਚ ਪਾਸ ਹੋਏ। ਇਸ ਵਧੀਆ ਨਤੀਜੇ ਤੇ ਸਕੂਲ ਦੇ ਮੈਨੇਜ਼ਰ ਜਗੀਰ ਜੋਸਣ, ਡਾਇਰੈਕਟਰ ਮੈਡਮ ਗੁਰਬਖ਼ਸ਼ ਕੌਰ, ਐਮ.ਡੀ ਰਾਜਵੀਰ ਸਿੰਘ ਜੋਸਣ, ਐਮ ਡੀ ਮੈਡਮ ਮਨੀਸ਼ਾ ਅਤੇ ਪ੍ਰਿੰਸੀਪਲ ਲਖਬੀਰ ਸਿੰਘ ਨੇ ਬੱਚਿਆਂ ਦਾ ਮੂੰਹ ਮਿੱਠਾ ਕਰਵਾਇਆ ਅਤੇ ਹੋਣਹਾਰ ਵਿਦਿਆਰਥੀਆਂ ਤੇ ਉਨ੍ਹਾਂ ਦੇ ਮਾਪਿਆਂ ਨੂੰ ਵਧਾਈਆਂ ਵੀ ਦਿੱਤੀਆਂ।ਇਸ ਦੇ ਨਾਲ ਹੀ ਪ੍ਰਬੰਧਕੀ ਟੀਮ ਨੇ ਜਿਨ੍ਹਾਂ ਆਧਿਆਪਕਾਂ ਦੀ ਮਿਹਨਤ ਸਦਕਾ ਬੱਚਿਆਂ ਨੇ ਪੁਜ਼ੀਸ਼ਨਾਂ ਹਾਸਲ ਕੀਤੀਆਂ ਉਨ੍ਹਾਂ ਦੀ ਸਖਤ ਮਿਹਨਤ ਨੂੰ ਵੀ ਸਰਾਹਿਆ।ਇਸ ਮੌਕੇ ਰਮੇਸ਼ ਸ਼ਰਮਾ, ਡੀ.ਪੀ. ਰਣਜੀਤ ਸਿੰਘ ਰਾਣਾ, ਹਰਪ੍ਰੀਤ ਕੌਰ, ਗੀਟਾ ਵਿੱਜ, ਮਨਜੋਤ ਕੌਰ, ਹਰਪ੍ਰੀਤ ਕੌਰ, ਸਮੂਹ ਸਟਾਫ਼ ਅਤੇ ਵਿਦਿਆਰਥੀ ਵੀ ਹਾਜ਼ਰ ਸਨ।

ਕੰਧਾਲਾ ਜੱਟਾਂ ਵਿਖੇ ਡਾ. ਅੰਬੇਡਕਰ ਦਾ 134ਵਾਂ ਜਨਮ ਦਿਹਾੜਾ ਮਨਾਇਆ

ਅੱਡਾ ਸਰਾਂ (ਜਸਵੀਰ ਕਾਜਲ) ਭਾਰਤ ਰਤਨ ਸੰਵਿਧਾਨ ਦੇ ਨਿਰਮਾਤਾ ਬਾਬਾ ਸਾਹਿਬ ਡਾ ਯੂਥ ਕਲੱਬ ਰਜਿ ਕੰਧਾਲਾ ਜੱਟਾਂ ਵੱਲੋਂ ਐਨਆਰਆਈ ਸਮੂਹ ਸੰਗਤਾਂ ਅਤੇ ਇਲਾਕੇ ਦੀਆਂ ਅੰਬੇਡਕਰੀ ਜਥੇਬੰਦੀਆਂ ਦੇ ਸਹਿਯੋਗ ਨਾਲ ਸਰਧਾ ਪੂਰਵਕ ਤੇ ਧੂਮ ਧਾਮ ਨਾਲ ਮਨਾਇਆ ਗਿਆ। ਡਾ. ਬੀ ਆਰ ਅੰਬੇਡਕਰ ਯੂਥ ਕਲੱਬ ਰਜਿ. ਦੇ ਪ੍ਰਧਾਨ ਜਸਵੀਰ ਸਿੰਘ ਲੱਕੀ, ਵਾਈਸ ਪ੍ਰਧਾਨ ਸਬੰਧੀ ਸਿੰਘ ਸੰਮੀ ਅਤੇ ਸਰਪ੍ਰਸਤ ਚਰਨਜੀਤ ਸਿੰਘ ਪੜਬੱਗਾ ਦੀ ਅਗਵਾਈ ਵਿੱਚ ਕਿਰਾਏ ਇਸ ਸਮਾਗਮ ਵਿੱਚ ਸਭ ਤੋਂ ਪਹਿਲਾਂ ਬਾਬਾ ਸਾਹਿਬ ਦੀ ਫੋਟੋ ਉੱਪਰ ਫੁੱਲ ਮਾਲਾ ਪਹਿਨਾਈ ਗਈ ਅਤੇ ਸਰਧਾ ਦੇ ਫੁੱਲ ਭੇਂਟ ਕੀਤੇ ਗਏ। ਉਪਰੰਤ ਪ੍ਰੋਗਰਾਮ ਦਾ ਆਗਾਜ਼ ਮਾਨਵਤਾ ਕਲਾ ਮੰਚ ਨਗਰ ਟੀਮ ਕੋਰਿਓਗਰਾਫੀ ਅਤੇ ਨਾਟਕ ਨਾਲ ਕੀਤਾ ਜਿਨਾਂ ਦੇ ਬਾਬਾ ਸਾਹਿਬ ਅੰਬੇਡਕਰ ਜੀ ਦੇ ਜੀਵਨ ਉੱਤੇ ਦਰਸਾਏ ਬੇਟਰ ਦ੍ਰਿਸ ਸੰਗਤਾਂ ਨੂੰ ਮੰਤਰ ਮੁਗਧ ਕਰ ਗਏ ਅਤੇ ਸਾਰੇ ਸਮਾਗਮ ਵਿੱਚ ਉਹਨਾਂ ਦੇ ਨਾਟਕਾਂ ਨੇ ਸੰਗਤਾਂ ਨੂੰ ਕੀਲੀ ਰੱਖਿਆ। ਸਮਾਗਮ ਵਿੱਚ ਮੁੱਖ ਬੁਲਾਰੇ ਵਜੋਂ ਪਹੁੰਚੇ ਅੰਬੇਡਕਰ ਫੋਰਸ ਦੇ ਪ੍ਰਧਾਨ ਅਨਿਲ ਬਾਘਾ ਨੇ ਬਾਬਾ ਸਾਹਿਬ ਜੀ ਦੇ ਸਿਧਾਂਤਾਂ ਅਤੇ ਸੰਵਿਧਾਨ ਦੀਆਂ ਬਹੁਤੀਆਂ ਧਾਰਾਵਾਂ ਤੋਂ ਜਾਣੂ ਕਰਵਾਇਆ, ਸਮਾਜ ਸੇਵੀ ਧਰਮਿੰਦਰ ਸਿੰਘ ਭੁੱਲਾਰਾਈ ਮੌਜੂਦਾ ਸਮੇਂ ਵਿੱਚ ਹੋ ਰਹੀਆਂ ਵਿਦਿਆਰਥੀਆਂ ਨਾਲ ਧੱਕੇਸਾਹੀਆਂ ਦਾ ਕਿਵੇਂ ਡੱਟ ਕੇ ਮੁਕਾਬਲਾ ਕਰ ਸਕਦੇ ਹੋ ਤੋਂ ਜਾਣੂ ਕਰਵਾਇਆ, ਜਥੇਦਾਰ ਪ੍ਰਭਜੋਤ ਸਿੰਘ ਭੋਗਪੁਰ ਦਸਮੇਸ਼ ਤਰਨਾ ਦਲ ਨੇ ਸੰਬੋਧਨ ਕਰਦਿਆਂ ਕਿਹਾ ਸਮਾਜ ਹਿੱਤ ਦੇ ਕੰਮਾਂ ਵਿੱਚ 24 ਘੰਟੇ ਕਿਸੇ ਨੂੰ ਵੀ ਲੋੜ ਹੈ ਅਸੀਂ ਹਾਜਰ ਹਾਂ , ਉਹਨਾਂ ਸੋਸਲ ਮੀਡੀਆ ਤੋਂ ਬੱਚਿਆਂ ਨੂੰ ਦੂਰ ਰਹਿਣ ਲਈ ਪ੍ਰੇਰਿਆ, ਮੈਡਮ ਪ੍ਰਤਿਭਾ ਸਮਾਜ ਸੇਵੀ ਟਾਂਡਾ ਨੇ ਵੀ ਆਪਣੇ ਜੀਵਨ ਵਿੱਚ ਕਿਵੇਂ ਪੜ੍ਹਾਈ ਕਰ ਸਕਾਲਰਸ਼ਿਪ ਪ੍ਰਾਪਤ ਕਰ ਹੋਰ ਵਧੀਆ ਐਜੂਕੇਸਨ ਲੈ ਸਕਦੇ ਹੋ ਤੋਂ ਜਾਣੂ ਕਰਵਾਇਆ। ਇਸੇ ਤਰ੍ਹਾਂ ਸੁਖਵਿੰਦਰ ਸਿੰਘ ਮੂਨਕ ਅਤੇ ਹੋਰ ਬਹੁਤ ਸਾਰੇ ਮਿਸਨਰੀ ਬੁਲਾਰਿਆਂ ਨੇ ਬਾਬਾ ਸਾਹਿਬ ਜੀਵਨ ਅਤੇ ਸਮਾਜਿਕ ਕੰਮਾਂ ਪਾਉਂਦਿਆਂ ਸਮਾਂ ਬੰਨਿਆ। ਪ੍ਰਿੰਸੀਪਲ ਡਾ.ਅਰਮਨਪ੍ਰੀਤ ਸਿੰਘ ਨੇ ਹਰ ਸਾਲ ਦੀ ਤਰ੍ਹਾਂ ਪ੍ਰਾਈਮਰੀ ਅਤੇ ਐਲੀਮੈਂਟਰੀ ਸਕੂਲ ਦੇ ਪਹਿਲੀ ਤੋਂ ਪੰਜਵੀਂ ਜਮਾਤ ਵਿੱਚ ਅੱਵਲ ,ਦੂਸਰੇ ਅਤੇ ਤੀਸਰੇ ਸਥਾਨ ਤੇ ਰਹਿਣ ਵਾਲੇ ਬੱਚਿਆਂ ਨੂੰ ਵਿਸ਼ੇਸ਼ ਸਨਮਾਨ ਕੀਤਾ, ਅਤੇ ਸਮਾਗਮ ਵਿੱਚ ਪਹੁੰਚੇ ਸਾਰੇ ਬੱਚਿਆਂ ਨੂੰ ਸਟੇਸਨਰੀ ਦੇ ਕੇ ਉਨਾਂ ਦੀ ਹੌਸਲਾ ਹਫਜਾਈ ਕੀਤੀ। ਉਹਨਾਂ ਕਿਹਾ ਕਿ ਭਵਿੱਖ ਵਿੱਚ ਪੜ੍ਹਾਈ ਵਿੱਚ ਅੱਵਲ ਰਹਿਣ ਵਾਲੇ ਬੱਚਿਆਂ ਅਤੇ ਲੋੜਵੰਦ ਬੱਚਿਆਂ ਲਈ ਅਹਿਮ ਕਦਮ ਚੁੱਕਾਂਗੇ ਜੋ ਜਲਦ ਹੀ ਆਪ ਜੀ ਨਾਲ ਸਾਂਝੇ ਕੀਤੇ ਜਾਣਗੇ। ਇਸ ਮੌਕੇ ਗੁਰਸੇਵਕ ਮਾਰਸਲ ਐਮ ਸੀ, ਚੇਅਰਮੈਨ, ਜਗਜੀਵਨ ਜੱਗੀ ਵਿਨੋਦ ਕੁਮਾਰ ਖੋਸਲਾ ਸਿਟੀ ਪ੍ਰਧਾਨ ਟਾਂਡਾ, ਸੁਖਵਿੰਦਰ ਸਿੰਘ ਮੂਨਕ, ਵਰਿੰਦਰ ਪੰਡਿਤ, ਅਵਤਾਰ ਸਿੰਘ ਸੋਖੋਂ ਸੀਕਰੀ ਕਿਸਾਨ ਆਗੂ, ਪ੍ਰੇਮਜੀਤ ਜੌੜਾ ਡਾਕਟਰ ਅੰਬੇਡਕਰ ਯੂਥ ਕਲੱਬ ਪ੍ਰਧਾਨ ਜੋੜਾ, ਪਰਮਿੰਦਰ ਸਹਿਬਾਜਪੁਰ ਪਰਮਵੀਰ ਪ੍ਰਧਾਨ ਭੀਮ ਆਰਮੀ ਭੋਗਪੁਰ, ਨੀਟਾ ਪ੍ਰਧਾਨ ਟਾਂਡਾ, ਲੱਭਾ ਜਹੂਰਾ, ਲਾਡੀ ਤੱਗੜ, ਰਵੀ ਬਾਬਾ ਬੁੱਲੋਵਾਲ, ਹੈਪੀ ਸਾਮ 84, ਰੋਹਿਤ ਬਾਜਾ ਚੱਕ, ਮਨੀ ਅੰਬਾਲਾ ਜੱਟਾਂ, ਰੂਬਲ ,ਸੁਨੀਲ ਭੋਗਪੁਰ, ਰੂਬਲ ਸੁਨੀਲ ਭੋਗਪੁਰ ਮਨਜੀਤ ਮੁਕੇਰੀਆਂ ਟੀਮ ਗੁਰੂ ਨਾਨਕ ਵਿਰਧ ਆਸਰਮ ਦੇਰੀਵਾਲ, ਅਵਤਾਰ ਸਿੰਘ ਖਾਲਸਾ ਸਰਪੰਚ ਬਾਬਕ, ਰਿੰਕੂ ਕੰਧਾਲਾ, ਰਾਮ ਲੁਭਾਇਆ ਢੱਟਾ, ਇੰਦਰਜੀਤ ਸਿੰਘ ਬੈਂਚਾਂ, ਸੁਖਜਿੰਦਰ ਸਿੰਘ ਧੂਤਕਲਾਂ, ਅਤੇ ਹੋਰ ਅੰਬੇਡਕਰੀ, ਸ੍ਰੀ ਗੁਰੂ ਰਵਿਦਾਸ ਸੰਸਥਾਵਾਂ, ਕਿਸਾਨ ਜਥੇਬੰਦੀਆਂ ਅਤੇ ਸਮਾਜ ਸੇਵੀ ਜਥੇਬੰਦੀਆਂ ਦੇ ਆਗੂਆਂ ਨੇ ਇਸ ਸਮਾਗਮ ਵਿੱਚ ਸ਼ਿਰਕਤ ਕੀਤੀ। ਇਸ ਮੌਕੇ ਪਿੰਡ ਕੰਧਾਲਾ ਜੱਟਾਂ ਦੇ ਸਾਬਕਾ ਸਰਪੰਚ ਜੋਗਿੰਦਰ ਸਿੰਘ ਹੀਰ, ਕੈਪਟਨ ਹਰੀ ਓਮ ਸਿੰਘ, ਤਰਸੇਮ ਸਿੰਘ ਪੰਚ, ਕੈਪਟਨ ਗੁਰਦਿੱਤ ਸਿੰਘ, ਸੈਕਟਰੀ ਰੂਪ ਲਾਲ, ਅਮਰੀਕ ਸਿੰਘ ਮੀਕਾ, ਮਨਦੀਪ ਸਿੰਘ, ਗੁਰਮੇਲ ਸਿੰਘ, ਮਾਸਟਰ ਰਸਪਾਲ ਸਿੰਘ, ਜਸਵੀਰ ਨਿੱਕਾ, ਦਵਿੰਦਰ ਪਾਲ, ਅਮਰਜੀਤ ਸਿੰਘ ਹੀਰ, ਚਮਨਪ੍ਰੀਤ ਸਿੰਘ, ਦਵਿੰਦਰ ਸਿੰਘ, ਲਵਪ੍ਰੀਤ ਸਿੰਘ, ਗਗਨਦੀਪ ਸਿੰਘ, ਭਜਨ ਸਿੰਘ, ਪਵਿੱਤਰ ਸਿੰਘ ਅਤੇ ਕਲੱਬ ਮੈਂਬਰ ਅਤੇ ਨਗਰ ਦੀਆਂ ਸੰਗਤਾਂ ਹਾਜਰ ਸਨ।

ਡੈਮੋਕ੍ਰੇਟਿਕ ਪਾਰਟੀ ਡਾ. ਅੰਬੇਡਕਰ ਦਾ ਜਨਮ ਦਿਨ 20 ਨੂੰ ਮਨਾਵੇਗੀ : ਰੋਹਨ ਚੱਢਾ

ਰਾਹੋਂ (ਕੁਲਵਿੰਦਰ ਸਿੰਘ ਰਾਹੋਂ)- ਡੇਮੋਕ੍ਰੇਟਿਕ ਪਾਰਟੀ ਆਫ਼ ਇੰਡੀਆ ਅੰਬੇਡਕਰ ਦੇ ਪ੍ਰਧਾਨ ਰੋਹਨ ਚੱਢਾ ਨੇ ਕਿਹਾ ਕਿ ਗਰੀਬਾਂ ਦੇ ਮਸੀਹਾਂ ਸਾਰਿਆਂ ਨੂੰ ਵੋਟ ਦਾ ਹੱਕ ਦੇਣ ਵਾਲੇ ਤੇ ਸਾਰਿਆਂ ਨੂੰ ਪੜ੍ਹਾਈ ਦਾ ਹੱਕ ਦੇਣ ਵਾਲੇ ਸੰਵਿਧਾਨ ਲਿਖਣ ਵਾਲੇ ਭਾਰਤ ਰਤਨ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਜੀ ਦਾ ਜਨਮ ਦਿਨ ਜਲੰਧਰ ਵਿਖੇ ਮਨਾਇਆ ਜਾਵੇਗਾ। ਕਿਉਂਕਿ ਅੱਜ ਜੋ ਵੀ ਦਲਿਤ ਸਮਾਜ ਮੌਜਾਂ ਮਨ ਰਿਹਾ ਹੈ ਇਹ ਸਾਰੀ ਦੇਣ ਡਾਕਟਰ ਅੰਬੇਡਕਰ ਜੀ ਦੀ ਹੈ। ਉਨ੍ਹਾਂ ਨੇ ਦਲਿਤ ਸਮਾਜ ਲਈ ਹੀ ਨਹੀਂ ਸਗੋਂ ਪੂਰੇ ਦੇਸ਼ ਨੂੰ ਚਲਾਉਣ ਵਾਸਤੇ ਸੰਵਿਧਾਨ ਦੇ ਨਿਰਮਾਤਾ ਵੀ ਬਣੇ। ਉਨ੍ਹਾਂ ਦੀ ਕੁਰਬਾਨੀ ਨੂੰ ਕਦੇ ਵੀ ਭੁਲਾਇਆ ਨਹੀਂ ਜਾ ਸਕਦਾ।

ਕਾਰ ਸਵਾਰ 15 ਕਿਲੋ ਚੂਰਾ ਪੋਸਤ ਸਮੇਤ ਕਾਬੂ

ਕਿਸ਼ਨਗੜ੍ਹ (ਸੁਖਜੀਤ ਕੁਮਾਰ)— ਪੁਲਸ ਚੌਕੀ ਕਿਸ਼ਨਗੜ੍ਹ ਦੇ ਮੁਲਾਜ਼ਮਾਂ ਵੱਲੋਂ ਇੱਕ ਕਾਰ ਸਵਾਰ ਨੂੰ ਨਾਕੇ ਬੰਦੀ ਦੌਰਾਨ 15 ਕਿਲੋ ਚੂਰਾ ਪੋਸਤ ਸਮੇਤ ਕਾਬੂ ਕੀਤਾ ਹੈ।ਚੌਕੀ ਦੇ ਇੰਚਾਰਜ ਏਐਸਆਈ ਬਲਵੀਰ ਸਿੰਘ ਬੁੱਟਰ ਨੇ ਦੱਸਿਆ ਕਿ ਉਹਨਾਂ ਹੌਲਦਾਰ ਜਗਜੀਤ ਸ